Punjab Government Gazette

EXTRAORDINARY

Published by Authority

CHANDIGARH, TUESDAY, JULY 14, 2026
(ASADHA 23, 1948 SAKA)

ਵਿਧਾਨਕ ਅਨੁਪੂਰਕ

	ਮਜ਼ਮੂਨ	ਪੰਨੇ
ਭਾਗ I	**ਐਕਟ**	
	1. ਪੰਜਾਬ ਡੇਰੀ ਵਿਕਾਸ ਬੋਰਡ ਐਕਟ, 2000 (2000 ਦਾ ਪੰਜਾਬ ਐਕਟ ਨੰ. 20)	...751-760
	2. ਪੰਜਾਬ ਪਲਾਸਟਿਕ ਲਿਫ਼ਾਫ਼ੇ (ਨਿਰਮਾਣ, ਵਰਤੋਂ ਅਤੇ ਨਿਪਟਾਰਾ) ਕੰਟਰੋਲ ਐਕਟ, 2005 (2005 ਦਾ ਪੰਜਾਬ ਐਕਟ ਨੰ. 17)	...761-772
ਭਾਗ II	**ਆਰਡੀਨੈਂਸ**	
	ਕੋਈ ਨਹੀਂ	
ਭਾਗ III	**ਅਧੀਨ ਵਿਧਾਨਕਾਰੀ**	
	ਕੋਈ ਨਹੀਂ	
ਭਾਗ IV	**ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ**	
	ਕੋਈ ਨਹੀਂ	

———

ਭਾਗ –1

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 14 ਜੁਲਾਈ, 2026

ਨੰ.52/ਭ:ਕ/2026.– ਪੰਜਾਬ ਡੇਰੀ ਵਿਕਾਸ ਬੋਰਡ ਐਕਟ, 2000 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6–ਓ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

NOTIFICATION

The 14th July, 2026

No.52/L.C./2026.- The Translation in Punjabi of the Punjab Dairy Development Board Act, 2000 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਡੇਰੀ ਵਿਕਾਸ ਬੋਰਡ ਐਕਟ, 2000

(2000 ਦਾ ਪੰਜਾਬ ਐਕਟ ਨੰ: 20)

ਦੁੱਧ ਉਤਪਾਦਕਾਂ ਨੂੰ ਉਨ੍ਹਾਂ ਦੀ ਕਿਰਤ ਅਤੇ ਨਿਵੇਸ਼ ਲਈ ਉਚਿਤ ਲਾਭ ਪ੍ਰਾਪਤ ਕਰਨ ਦੇ ਅਵਸਰ ਪ੍ਰਦਾਨ ਕਰਨ ਅਤੇ ਰਾਜ ਦੇ ਡੇਰੀ ਉਦਯੋਗ ਦੀ ਲਾਭਦਾਇਕਤਾ ਵਿੱਚ ਸੁਧਾਰ ਕਰਨ ਅਤੇ ਦੁੱਧ ਉਤਪਾਦਕਾਂ, ਦੁੱਧ ਪ੍ਰੋਸੈਸ ਕਰਤਾਵਾਂ, ਡੇਰੀ ਮੰਡੀਕਰਤਾਵਾਂ ਅਤੇ ਖਪਤਕਾਰਾਂ ਦੇ ਹਿੱਤਾਂ ਦਾ ਬਚਾਉ ਕਰਨ ਲਈ ਨੀਤੀਆਂ ਬਣਾਉਣ ਅਤੇ ਹਦਾਇਤਾਂ ਜਾਰੀ ਕਰਨ ਲਈ ਪੰਜਾਬ ਡੇਰੀ ਵਿਕਾਸ ਬੋਰਡ ਦੀ ਸਿਰਜਣਾ ਦਾ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਇਕਵੰਜਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਡੇਰੀ ਵਿਕਾਸ ਬੋਰਡ ਐਕਟ, 2000 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,– ਪਰਿਭਾਸ਼ਾਵਾਂ।

(ਓ) "ਬੋਰਡ" ਦਾ ਮਤਲਬ ਹੈ ਧਾਰਾ 3 ਅਧੀਨ ਸਥਾਪਤ ਕੀਤਾ ਗਿਆ ਪੰਜਾਬ ਡੇਰੀ ਵਿਕਾਸ ਬੋਰਡ;

(ਓਓ) "ਡੇਰੀ ਮੰਡੀ ਕਰਤਾ" ਦਾ ਮਤਲਬ ਹੈ ਕੋਈ ਵਿਅਕਤੀ, ਵਿਅਕਤੀਆਂ ਦਾ ਸਮੂਹ, ਫ਼ਰਮ ਜਾਂ ਕੋਈ ਕੰਪਨੀ ਜੋ ਦੁੱਧ ਜਾਂ ਹੋਰ ਡੇਰੀ ਉਤਪਾਦਾਂ ਦੀ ਖਰੀਦ ਜਾਂ ਵਿਕਰੀ ਵਿੱਚ ਲੱਗੀ ਹੋਈ ਹੈ ਜਿਸ ਵਿੱਚ ਪ੍ਰੋਸੈਸਡ ਦੁੱਧ ਅਤੇ ਦੁੱਧ ਉਤਪਾਦਾਂ ਦਾ ਦਰਾਮਦ ਜਾਂ ਬਰਾਮਦ ਸ਼ਾਮਲ ਹੈ;

(ਅ) "ਫ਼ੰਡ" ਦਾ ਮਤਲਬ ਹੈ ਧਾਰਾ 13 ਅਧੀਨ ਗਠਤ ਕੀਤਾ ਡੇਰੀ ਵਿਕਾਸ ਫ਼ੰਡ;

(ਏ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਦਾ ਡੇਰੀ ਵਿਕਾਸ ਵਿਭਾਗ;

(ਸ) "ਦੁੱਧ ਕਾਰਖਾਨਾ" ਦਾ ਮਤਲਬ ਹੈ ਭਾਰਤ ਸਰਕਾਰ ਦੇ ਦੁੱਧ ਅਤੇ ਦੁੱਧ ਉਤਪਾਦ ਹੁਕਮ, 1992 ਅਧੀਨ ਰਜਿਸਟਰਸ਼ੁਦਾ ਦੁੱਧ ਹਥਾਲਣ, ਪ੍ਰੋਸੈਸ ਕਰਨ ਜਾਂ ਨਿਰਮਾਣ ਇਕਾਈ; ਅਤੇ

(ਹ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ।

ਬੋਰਡ ਦੀ ਸਥਾਪਨਾ।

3. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਦੇ ਪ੍ਰਯੋਜਨ ਲਈ ਪੰਜਾਬ ਡੇਰੀ ਵਿਕਾਸ ਬੋਰਡ ਕਿਹਾ ਜਾਣ ਵਾਲਾ ਬੋਰਡ ਸਥਾਪਤ ਕਰ ਸਕੇਗੀ।

(2) ਉਪ-ਧਾਰਾ (1) ਅਧੀਨ ਸਥਾਪਤ ਕੀਤਾ ਗਿਆ ਬੋਰਡ, ਹੇਠ-ਲਿਖਿਆਂ ਤੋਂ ਮਿਲ ਕੇ ਬਣੇਗਾ, ਅਰਥਾਤ:-

(i)	ਮੁੱਖ ਮੰਤਰੀ, ਪੰਜਾਬ;	:	ਚੇਅਰਮੈਨ
(ii)	ਪਸ਼ੂ-ਪਾਲਣ ਅਤੇ ਮੱਛੀ ਪਾਲਣ ਅਤੇ ਡੇਰੀ ਵਿਕਾਸ ਦੇ ਮੰਤਰੀ ਇੰਚਾਰਜ	:	ਡਿਪਟੀ ਚੇਅਰਮੈਨ
(iii)	ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ;	:	ਅਹੁਦੇ-ਕਾਰਨ ਡਾਇਰੈਕਟਰ
(iv)	ਸਕੱਤਰ, ਪੰਜਾਬ ਸਰਕਾਰ, ਡੇਰੀ ਵਿਕਾਸ ਵਿਭਾਗ;	:	ਅਹੁਦੇ-ਕਾਰਨ ਮੈਂਬਰ-ਸਕੱਤਰ
(v)	ਵਾਈਸ ਚਾਂਸਲਰ, ਪੰਜਾਬ ਜ਼ਰਾਇਤੀ ਯੂਨੀਵਰਸਿਟੀ, ਲੁਧਿਆਣਾ;	:	ਅਹੁਦੇ-ਕਾਰਨ ਡਾਇਰੈਕਟਰ
(vi)	ਰਾਜ ਸਰਕਾਰ ਦੁਆਰਾ ਨਾਮਜ਼ਦ ਕੀਤਾ ਜਾਣ ਵਾਲਾ, ਪੰਜਾਬ ਰਾਜ ਵਿੱਚ ਸਥਿਤ ਪ੍ਰਾਈਵੇਟ ਦੁੱਧ	:	ਡਾਇਰੈਕਟਰ

ਕਾਰਖਾਨਿਆਂ ਦਾ ਇੱਕ ਪ੍ਰਤੀਨਿਧ
ਅਤੇ ਸਹਿਕਾਰੀ ਦੁੱਧ
ਕਾਰਖਾਨਿਆਂ ਦਾ ਇੱਕ
ਪ੍ਰਤੀਨਿਧ;

(vii) ਰਾਜ ਸਰਕਾਰ ਦੁਆਰਾ ਨਾਮਜ਼ਦ : ਡਾਇਰੈਕਟਰ
ਕੀਤੇ ਜਾਣ ਵਾਲੇ, ਦੁੱਧ
ਉਤਪਾਦਕਾਂ ਤੋਂ ਦੋ ਪ੍ਰਤੀਨਿਧ;

(viii) ਰਾਜ ਸਰਕਾਰ ਦੁਆਰਾ ਨਾਮਜ਼ਦ : ਡਾਇਰੈਕਟਰ
ਕੀਤਾ ਜਾਣ ਵਾਲਾ, ਪੰਜਾਬ ਦੋਧੀ
ਸੰਘ ਤੋਂ ਇੱਕ ਪ੍ਰਤੀਨਿਧ;

(ix) ਰਾਜ ਸਰਕਾਰ ਦੁਆਰਾ ਨਾਮਜ਼ਦ : ਡਾਇਰੈਕਟਰ
ਕੀਤਾ ਜਾਣ ਵਾਲਾ, ਖਪਤਕਾਰ
ਸਭਾਵਾਂ ਦਾ ਇੱਕ ਪ੍ਰਤੀਨਿਧ।

(3) ਉਪ-ਧਾਰਾ (2) ਦੇ ਨਿਬੰਧਨਾਂ ਦੇ ਅਨੁਸਾਰ ਗਠਤ ਕੀਤਾ ਬੋਰਡ, ਇੱਕ ਨਿਗਮਤ ਬੌਡੀ ਹੋਵੇਗੀ ਜਿਸ ਕੋਲ ਸਦੀਵੀ ਉਤਰਾਧਿਕਾਰ ਅਤੇ ਇੱਕ ਸਾਂਝੀ ਮੁਹਰ ਹੋਵੇਗੀ ਜਿਸ ਕੋਲ ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਚੁੱਕਵੀਂ ਅਤੇ ਅਚੁੱਕਵੀਂ ਦੋਵੇਂ ਤਰ੍ਹਾਂ ਦੀਆਂ ਸੰਪੱਤੀਆਂ ਅਰਜਤ ਕਰਨ ਅਤੇ ਨਿਪਟਾਰਾ ਕਰਨ ਦੀਆਂ ਸ਼ਕਤੀਆਂ ਹੋਣਗੀਆਂ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗਾ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(4) ਰਾਜ ਸਰਕਾਰ, ਬੋਰਡ ਅਤੇ ਇਸ ਦੇ ਕਰਮਚਾਰੀਆਂ ਉੱਤੇ ਨਿਗਰਾਨੀ ਅਤੇ ਕੰਟਰੋਲ ਰੱਖੇਗੀ ਅਤੇ ਅਜਿਹੀ ਸੂਚਨਾ ਮੰਗ ਸਕਦੀ ਹੈ ਜੋ ਉਹ ਚੁੱਕਵੀਂ ਸਮਝੇ।

(5) ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੇ ਤਾਬੇ, ਬੋਰਡ ਆਪਣੀਆਂ ਇਕੱਤਰਤਾਵਾਂ ਵਿੱਚ ਕਾਰਜ ਕਰਨ ਲਈ ਅਤੇ ਅਜਿਹੇ ਹੋਰ ਮਾਮਲਿਆਂ ਲਈ ਜੋ ਮੁਕੱਰਰ ਕੀਤੇ ਜਾਣ, ਵਿਨਿਯਮ ਬਣਾ ਸਕੇਗਾ।

(6) ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੇ ਤਾਬੇ, ਬੋਰਡ ਦੁਆਰਾ ਅਗਲੇ ਸਾਲ ਲਈ ਬੋਰਡ ਦੀ ਸਲਾਨਾ ਆਮਦਨ ਅਤੇ ਖ਼ਰਚ ਦਾ ਅਨੁਮਾਨ ਤਿਆਰ ਕੀਤਾ ਜਾਵੇਗਾ ਅਤੇ ਪਾਸ ਕੀਤਾ ਜਾਵੇਗਾ

(7) ਬੋਰਡ ਹਰੇਕ ਵਿੱਤੀ ਸਾਲ ਦੇ ਗੁਜ਼ਰਨ ਪਿੱਛੋਂ ਛੇ ਮਹੀਨਿਆਂ ਦੀ ਮੁੱਦਤ ਅੰਦਰ, ਰਾਜ ਸਰਕਾਰ ਨੂੰ ਮੁਕੱਰਰ ਤਰੀਕੇ ਨਾਲ ਪੂਰਵਲੇ ਵਿੱਤੀ ਸਾਲ ਦਾ ਸਹੀ ਅਤੇ ਪੂਰਾ ਲੇਖਾ ਦਿੰਦੇ ਹੋਏ ਇੱਕ ਰਿਪੋਰਟ ਪੇਸ਼ ਕਰੇਗਾ।

4. ਬੋਰਡ ਦਾ ਮੁੱਖ ਦਫ਼ਤਰ ਚੰਡੀਗੜ੍ਹ ਜਾਂ ਅਜਿਹੇ ਹੋਰ ਸਥਾਨ ਤੇ ਹੋਵੇਗਾ, ਜਿਵੇਂ ਰਾਜ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਅਧਿਸੂਚਿਤ ਕੀਤਾ ਜਾਵੇ। ਮੁੱਖ ਦਫ਼ਤਰ।

ਕਾਰਜਕਾਰੀ ਕਮੇਟੀ ਦੀ ਸਥਾਪਨਾ ਅਤੇ ਇਸ ਦਾ ਗਠਨ।

5. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਬੋਰਡ ਦੇ ਫ਼ੈਸਲਿਆਂ ਦੀ ਦੇਖ-ਰੇਖ ਅਤੇ ਸ਼ੀਘਰਤਾ ਨਾਲ ਪਰਿਪਾਲਣ ਨੂੰ ਯਕੀਨੀ ਬਣਾਉਣ ਲਈ ਕਾਰਜਕਾਰੀ ਕਮੇਟੀ ਕਹੀ ਜਾਣ ਵਾਲੀ ਇੱਕ ਕਮੇਟੀ ਸਥਾਪਤ ਕਰੇਗੀ।

(2) ਉਪ-ਧਾਰਾ (1) ਅਧੀਨ ਸਥਾਪਤ ਕੀਤੀ ਗਈ ਕਾਰਜਕਾਰੀ ਕਮੇਟੀ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗੀ, ਅਰਥਾਤ:-

(i)	ਸਕੱਤਰ, ਪੰਜਾਬ ਸਰਕਾਰ, ਪਸ਼ੂ-ਪਾਲਣ ਅਤੇ ਮੱਛੀ ਪਾਲਣ ਅਤੇ ਡੇਰੀ ਵਿਕਾਸ ਵਿਭਾਗ;	:	ਚੇਅਰਮੈਨ
(ii)	ਵਾਈਸ-ਚਾਂਸਲਰ, ਪੰਜਾਬ ਜ਼ੁਰਾਇਤੀ ਯੂਨੀਵਰਸਿਟੀ, ਲੁਧਿਆਣਾ;	:	ਮੈਂਬਰ
(iii)	ਡਾਇਰੈਕਟਰ, ਪਸ਼ੂ-ਪਾਲਣ, ਪੰਜਾਬ;	:	ਮੈਂਬਰ
(iv)	ਡਾਇਰੈਕਟਰ, ਡੇਰੀ ਵਿਕਾਸ, ਪੰਜਾਬ;	:	ਮੈਂਬਰ
(v)	ਪ੍ਰਬੰਧਕ ਡਾਇਰੈਕਟਰ, ਮਿਲਕਫੈੱਡ, ਪੰਜਾਬ; ਅਤੇ	:	ਮੈਂਬਰ
(vi)	ਬੋਰਡ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ, ਬੋਰਡ ਦੇ ਦੋ ਗੈਰ-ਅਹੁਦੇ-ਕਾਰਨ ਮੈਂਬਰ।	:	ਮੈਂਬਰ

(3) ਕਾਰਜਕਾਰੀ ਕਮੇਟੀ ਦੀ ਇਕੱਤਰਤਾ ਲੋੜ ਅਨੁਸਾਰ ਜਿੰਨੀ ਵਾਰ ਚਾਹੋ ਹੋ ਸਕਦੀ ਹੈ ਅਤੇ ਕਮੇਟੀ ਖੁਦ ਆਪਣੇ ਕਾਰਜ ਦੇ ਸੰਚਾਲਣ ਲਈ ਆਪਣਾ ਜ਼ਾਬਤਾ ਬਣਾਏਗੀ।

ਅਹੁਦੇ ਦੀ ਅਉਧ।

6. (1) ਅਹੁਦੇ-ਕਾਰਨ ਮੈਂਬਰਾਂ ਤੋਂ ਇਲਾਵਾ ਮੈਂਬਰਾਂ ਦੇ ਅਹੁਦੇ ਦੀ ਅਉਧ ਇੱਕ ਸਾਲ ਦੀ ਹੋਵੇਗੀ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇੱਕ ਮੈਂਬਰ ਜਿਸ ਦੀ ਇੱਕ ਸਾਲ ਦੀ ਅਉਧ ਸਮਾਪਤ ਹੋ ਚੁੱਕੀ ਹੈ, ਜਦੋਂ ਤੱਕ ਰਾਜ ਸਰਕਾਰ ਹੋਰ ਤਰ੍ਹਾਂ ਨਿਰਦੇਸ਼ ਨਹੀਂ ਦਿੰਦੀ, ਆਪਣਾ ਅਹੁਦਾ ਧਾਰਨ ਕਰੀ ਰੱਖੇਗਾ ਜਦੋਂ ਤੱਕ ਉਸ ਦਾ ਉਤਰਾਧਿਕਾਰੀ ਨਾਮਜ਼ਦ ਨਹੀਂ ਕੀਤਾ ਜਾਂਦਾ।

ਅਸਤੀਫ਼ਾ।

7. ਅਹੁਦੇ-ਕਾਰਨ ਮੈਂਬਰ ਤੋਂ ਇਲਾਵਾ, ਕੋਈ ਮੈਂਬਰ ਰਾਜ ਸਰਕਾਰ ਨੂੰ ਲਿਖਤੀ ਰੂਪ ਵਿੱਚ ਆਪਣਾ ਅਸਤੀਫ਼ਾ ਪੇਸ਼ ਕਰਕੇ ਕਿਸੇ ਵੀ ਸਮੇਂ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਸਕਦਾ ਹੈ, ਅਤੇ ਰਾਜ ਸਰਕਾਰ ਦੁਆਰਾ ਅਸਤੀਫ਼ੇ ਦੀ ਸਵੀਕ੍ਰਿਤੀ ਕਰਨ ਤੇ ਅਜਿਹੇ ਮੈਂਬਰ ਦੁਆਰਾ ਆਪਣਾ ਅਹੁਦਾ ਖਾਲੀ ਕਰ ਦਿੱਤਾ ਸਮਝਿਆ ਜਾਵੇਗਾ।

ਮੈਂਬਰ ਨੂੰ ਹਟਾਉਣਾ।

8. ਰਾਜ ਸਰਕਾਰ, ਅਹੁਦੇ-ਕਾਰਨ ਮੈਂਬਰ ਤੋਂ ਇਲਾਵਾ, ਕਿਸੇ ਵੀ ਮੈਂਬਰ ਦੇ ਮਾਮਲੇ ਵਿੱਚ, ਲਿਖਤੀ ਹੁਕਮ ਦੁਆਰਾ, ਇਸ ਦੇ ਕਾਰਨਾਂ ਨੂੰ ਦਰਜ ਕਰਕੇ, ਕਿਸੇ ਵੀ ਮੈਂਬਰ ਨੂੰ ਉਸ ਦੇ ਅਹੁਦੇ ਤੋਂ ਇਸ ਆਧਾਰ ਤੇ ਹਟਾ ਸਕਦੀ ਹੈ ਕਿ ਉਹ,-

(i) ਆਪਣੇ ਪਦ ਦੀ ਦੁਰਵਰਤੋਂ ਕਰ ਚੁੱਕਾ ਹੈ;

(ii) ਕਿਸੇ ਕਾਨੂੰਨ ਦੀ ਅਦਾਲਤ ਦੁਆਰਾ ਸਦਾਚਾਰਕ ਗਿਰਾਵਟ ਵਾਲੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੈ ਜਾਂ ਕਿਸੇ ਹੋਰ ਤਰ੍ਹਾਂ ਨਾਲ ਸੁਦਾਈ ਜਾਂ ਵਿਗੜ-ਚਿੱਤ ਹੋ ਗਿਆ ਹੈ;

(iii) ਕਿਸੇ ਦੁਰਾਚਾਰ ਦਾ ਕਸੂਰਵਾਰ ਹੈ ਜੋ ਰਾਜ ਸਰਕਾਰ ਦੀ ਰਾਏ ਵਿੱਚ ਉਸ ਨੂੰ ਮੈਂਬਰ ਬਣਨ ਦੇ ਅਪਾਤਰ ਬਣਾਉਂਦਾ ਹੈ; ਜਾਂ

(iv) ਬੋਰਡ ਦੀ ਪ੍ਰਵਾਨਗੀ ਤੋਂ ਬਿਨਾਂ ਬੋਰਡ ਦੀਆਂ ਤਿੰਨ ਕ੍ਰਮਵਰਤੀ ਇਕੱਤਰਤਾਵਾਂ ਤੋਂ ਲਗਾਤਾਰ ਗੈਰ-ਹਾਜ਼ਰ ਰਿਹਾ ਹੈ:

ਪਰੰਤੂ ਹਟਾਉਣ ਦੇ ਹੁਕਮ ਜਾਰੀ ਕਰਨ ਤੋਂ ਪਹਿਲਾਂ, ਰਾਜ ਸਰਕਾਰ ਅਜਿਹੇ ਮੈਂਬਰ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਵੇਗੀ।

ਬੋਰਡ ਦੇ ਉਦੇਸ਼।

9. ਬੋਰਡ ਡੇਰੀ ਵਿਕਾਸ ਦੇ ਪ੍ਰੋਗਰਾਮਾਂ ਦੀ ਯੋਜਨਾਬੰਦੀ, ਸੰਗਠਤ ਕਰਨ ਅਤੇ ਅਮਲੀ ਰੂਪ ਦੇਣ ਲਈ ਇੱਕ ਸਿਖ਼ਰਲੀ ਬੌਡੀ ਹੋਵੇਗੀ ਤਾਂ ਜੋ ਦੁੱਧ ਅਤੇ ਡੇਰੀ ਉਤਪਾਦਾਂ ਦੀ ਗੁਣਵੱਤਾ ਨੂੰ ਵਧਾਉਣ ਲਈ, ਖੇਤੀਬਾੜੀ ਦੇ ਵਿਭਿੰਨਤਾ ਦੇ ਅਮਲ ਵਿੱਚ ਡੇਰੀ ਨੂੰ ਇੱਕ ਵਿਵਹਾਰਕ ਵਿਕਲਪ ਕਿੱਤਾ ਬਣਾਉਣ ਲਈ, ਦੁੱਧ ਉਤਪਾਦਕਾਂ ਨੂੰ ਉਨ੍ਹਾਂ ਦੀ ਕਿਰਤ ਅਤੇ ਨਿਵੇਸ਼ ਲਈ ਉਚਿਤ ਲਾਭ ਪ੍ਰਾਪਤ ਕਰਨ ਦੇ ਅਵਸਰ ਪ੍ਰਦਾਨ ਕਰਕੇ ਡੇਰੀ ਨੂੰ ਕਿਸਾਨਾਂ ਦੀ ਆਰਥਿਕਤਾ ਦੇ ਕਾਇਆ-ਕਲਪ ਕਰਨ ਦਾ ਸਰੋਤ ਬਣਾਉਣ ਲਈ ਅਤੇ ਡੇਰੀ ਉਦਯੋਗ ਦੀ ਲਾਭਦਾਇਕਤਾ ਵਿੱਚ ਸੁਧਾਰ ਕਰਨ ਲਈ ਡੇਰੀ ਸੈਕਟਰ ਨੂੰ ਆਧੁਨਿਕ, ਵਿਗਿਆਨਕ ਅਤੇ ਵਪਾਰਕ ਤੌਰ ਤੇ ਵਿਵਹਾਰਕ ਲੀਹਾਂ ਤੇ ਬੜ੍ਹਾਵਾ ਦਿੱਤਾ ਜਾ ਸਕੇ।

ਬੋਰਡ ਦੀਆਂ ਸ਼ਕਤੀਆਂ ਅਤੇ ਕਾਜਕਾਰ।

10. ਇਸ ਐਕਟ ਦੇ ਉਪਬੰਧਾਂ ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੇ ਤਾਬੇ, ਬੋਰਡ ਹੇਠ-ਲਿਖੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਹੇਠ-ਲਿਖੇ ਕਾਜਕਾਰ ਨਿਭਾਏਗਾ, ਅਰਥਾਤ:-

(i) ਬੋਰਡ ਦੇ ਉਦੇਸ਼ਾਂ ਨੂੰ ਹਾਸਲ ਕਰਨ ਲਈ ਨੀਤੀਆਂ ਕਥਤ ਕਰਨ, ਪ੍ਰੋਗਰਾਮ ਪਰਿਪਾਲਣ ਕਰਨ, ਰਾਜ ਸਰਕਾਰ ਨੂੰ ਸਿਫ਼ਾਰਸ਼ਾਂ ਕਰਨ ਅਤੇ ਡੇਰੀ ਸੈਕਟਰ ਵਿੱਚ ਲੱਗੇ ਰਾਜ ਦੇ ਕਿਸੇ ਵੀ ਸੰਗਠਨ ਜਾਂ ਏਜੰਸੀ ਨੂੰ ਨਿਰਦੇਸ਼ ਜਾਰੀ ਕਰਨ ਲਈ ਇੱਕ ਸਿਖਰਲੀ ਬੌਡੀ ਵਜੋਂ ਕਾਜਕਾਰ ਕਰਨਾ;

(ii) ਡੇਰੀ ਵਿੱਚ ਖੋਜ ਕਰਨ ਅਤੇ ਡੇਰੀ ਸੈਕਟਰ ਨੂੰ ਵਿਕਸਤ ਕਰਨ ਦੇ ਮਕਸਦ ਨਾਲ ਕਿਸੇ ਪ੍ਰੋਜੈਕਟ ਨੂੰ ਜ਼ਿੰਮੇ ਲੈਣਾ, ਵਿੱਤ ਦੇਣਾ ਜਾਂ ਉਸ

ਵਿੱਚ ਭਾਗ ਲੈਣਾ ਜਿਸ ਵਿੱਚ ਡੇਰੀ ਵਿਕਾਸ ਦੇ ਖੇਤਰ ਵਿੱਚ ਨਵੀਨਤਮ ਤਕਨਾਲੋਜੀ ਦਾ ਪੁਰਸਥਾਪਨ ਅਤੇ ਵਿਕਾਸ ਸ਼ਾਮਲ ਹੈ;

(iii) ਦੁੱਧ ਅਤੇ ਦੁੱਧ ਉਤਪਾਦਾਂ ਨੂੰ ਵਿਸ਼ਵ ਪੱਧਰ ਤੇ ਗੁਣਾਤਮਕ ਤੌਰ ਤੇ ਪ੍ਰਤੀਯੋਗੀ ਬਣਾਉਣ ਦੇ ਉਦੇਸ਼ ਨਾਲ ਉਨ੍ਹਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਦੇ ਮਕਸਦ ਨਾਲ ਕਿਸੇ ਵੀ ਪ੍ਰੋਜੈਕਟ ਨੂੰ ਜ਼ਿੰਮੇ ਲੈਣਾ, ਵਿੱਤ ਦੇਣਾ ਜਾਂ ਉਸ ਵਿੱਚ ਭਾਗ ਲੈਣਾ;

(iv) ਜਿੱਥੇ ਵੀ ਜ਼ਰੂਰੀ ਹੋਵੇ, ਭਾਰਤ ਸਰਕਾਰ ਦੀ ਪੂਰਵ-ਪ੍ਰਵਾਨਗੀ ਨਾਲ ਬਦੇਸ਼ਾਂ ਤੋਂ ਤਕਨਾਲੋਜੀ ਦਾ ਪ੍ਰਬੰਧ ਕਰਕੇ ਦੁੱਧਲ ਜਾਨਵਰਾਂ ਦੀ ਛੇਤੀ ਜਣਨਕ ਉੱਨਤੀ ਅਤੇ ਵਿਕਾਸ ਲਈ ਨੀਤੀਆਂ ਦੀ ਯੋਜਨਾ ਕਰਨਾ ਅਤੇ ਬਣਾਉਣਾ;

(v) ਕਿਸੇ ਡੇਰੀ ਉਤਪਾਦ ਦੇ ਉਤਪਾਦਨ, ਪ੍ਰੋਸੈਸ ਕਰਨ ਜਾਂ ਮੰਡੀਕਰਨ ਨਾਲ ਸਬੰਧਤ ਕਿਸੇ ਮਾਮਲੇ ਦੀ ਜਾਂਚ ਕਰਨਾ, ਜਿਸ ਵਿੱਚ ਉਸ ਉਤਪਾਦ ਦੇ ਉਤਪਾਦਨ, ਪ੍ਰੋਸੈਸ ਕਰਨ ਜਾਂ ਮੰਡੀਕਰਨ ਦੀ ਲਾਗਤ ਸ਼ਾਮਲ ਹੈ ਅਤੇ ਦੁੱਧ ਅਤੇ ਦੁੱਧ ਉਤਪਾਦਾਂ ਦੀ ਖਰੀਦ ਅਤੇ ਵਿਕਰੀ ਕੀਮਤ ਨਿਰਧਾਰਤ ਕਰਨਾ;

(vi) ਦੇਸ਼ ਦੇ ਅੰਦਰ ਜਾਂ ਬਾਹਰ ਦੁੱਧ ਅਤੇ ਹੋਰ ਡੇਰੀ ਉਤਪਾਦਾਂ ਦੇ ਮੰਡੀਕਰਨ ਲਈ ਕਿਸੇ ਰਾਜ ਸੰਗਠਨ, ਰਾਸ਼ਟਰੀ ਡੇਰੀ ਵਿਕਾਸ ਬੋਰਡ ਜਾਂ ਕਿਸੇ ਅਜਿਹੇ ਅੰਤਰਰਾਸ਼ਟਰੀ ਸੰਗਠਨ ਨਾਲ ਕਰਾਰ ਕਰਨਾ ਤਾਂ ਜੋ ਉਨ੍ਹਾਂ ਦੇ ਤਾਲਮੇਲ ਵਾਲੇ ਮੰਡੀਕਰਨ ਦਾ ਉਪਬੰਧ ਕੀਤਾ ਜਾ ਸਕੇ ਅਤੇ ਪੰਜਾਬ ਰਾਜ ਤੋਂ ਦੁੱਧ ਅਤੇ ਡੇਰੀ ਉਤਪਾਦਾਂ ਦੇ ਬਰਾਮਦ ਨੂੰ ਸੌਖਾ ਕਰਨ ਲਈ ਇੱਕ ਨੋਡਲ ਏਜੰਸੀ ਵਜੋਂ ਕਾਰਜ ਕਰਨਾ;

(vii) ਦੁੱਧ ਅਤੇ ਦੁੱਧ ਉਤਪਾਦਾਂ ਦੇ ਉਪਯੋਗ, ਉਹਨਾਂ ਦੀ ਗੁਣਵੱਤਾ ਅਤੇ ਕਿਸਮ ਵਿੱਚ ਸੁਧਾਰ ਨੂੰ ਬੜ੍ਹਾਵਾ ਦੇਣ ਅਤੇ ਉਨ੍ਹਾਂ ਉਤਪਾਦਾਂ ਦੇ ਸਬੰਧ ਵਿੱਚ ਵਧੇਰੇ ਪ੍ਰਚਾਰ ਲਈ ਸੂਚਨਾ ਦੇ ਪ੍ਰਕਾਸ਼ਨ ਦਾ ਜ਼ਿੰਮਾ ਲੈਣਾ ਅਤੇ ਉਸ ਵਿੱਚ ਸਹਾਇਤਾ ਕਰਨਾ;

(viii) ਉੱਚ-ਕੁਆਲਟੀ ਵਾਲੇ ਦੁੱਧ ਦੀ ਸਥਾਨਕ ਮੰਗ ਨੂੰ ਪੂਰਾ ਕਰਨ ਅਤੇ ਦੁੱਧ-ਉਤਪਾਦਕਾਂ ਦੀ ਸਮਾਜਿਕ-ਆਰਥਿਕ ਉੱਨਤੀ ਲਈ ਡੇਰੀ ਉਦਯੋਗ ਨੂੰ ਉਤਸ਼ਾਹਤ ਕਰਨ ਲਈ ਆਧੁਨਿਕ ਡੇਰੀ ਫਾਰਮਿੰਗ ਤਕਨਾਲੋਜੀਆਂ ਅਤੇ ਪ੍ਰਣਾਲੀਆਂ ਵਿਕਸਤ ਕਰਨਾ ;

(ix) ਚਾਰੇ ਦੀਆਂ ਫ਼ਸਲਾਂ ਦੀ ਉਪਲੱਬਧਤਾ ਨੂੰ ਵਧਾਉਣ ਲਈ ਚਾਰੇ ਦੇ ਬੀਜਾਂ ਦੀਆਂ ਨਵੀਆਂ ਕਿਸਮਾਂ ਅਤੇ ਉਨ੍ਹਾਂ ਦੀ ਕਟਾਈ ਅਤੇ

ਪਰਿਰੱਖਣ ਲਈ ਸਾਜੋ-ਸਮਾਨ ਜਾਂ ਮਸ਼ੀਨਰੀ ਦਾ ਵੀ ਪ੍ਰਬੰਧ ਕਰਨਾ ਅਤੇ ਦਰਾਮਦ ਕਰਨਾ;

(x) ਡੇਰੀ ਤਕਨਾਲੋਜੀ ਅਤੇ ਪਸ਼ੂ-ਪਾਲਣ ਸਮੇਤ ਪਰਸਪਰ ਪ੍ਰਭਾਵਸ਼ੀਲ ਸਿਖਲਾਈ ਅਤੇ ਵਟਾਂਦਰਾ ਪ੍ਰੋਗਰਾਮਾਂ ਵਿੱਚ ਉੱਚ-ਪੱਧਰੀ ਸਿੱਖਿਆ, ਖੋਜ ਅਤੇ ਸਿਖਲਾਈ ਦੇ ਦੇਸ਼ ਦੇ ਅੰਦਰ ਜਾਂ ਬਾਹਰ ਪ੍ਰੋਗਰਾਮਾਂ ਦੀ ਯੋਜਨਾ ਬਣਾਉਣਾ ਅਤੇ ਉਨ੍ਹਾਂ ਨੂੰ ਅਮਲ ਵਿੱਚ ਲਿਆਉਣਾ;

(xi) ਹਰੇਕ ਦੁੱਧ ਕਾਰਖ਼ਾਨੇ ਲਈ ਦੁੱਧ ਇਕੱਤਰ ਕਰਨ ਲਈ ਖੇਤਰਾਂ ਨੂੰ ਉਲਿਖਤ ਕਰਨ ਦੇ ਮਕਸਦ ਨਾਲ ਨੀਤੀਆਂ ਜਾਂ ਪ੍ਰੋਗਰਾਮਾਂ ਨੂੰ ਬਣਾਉਣਾ ਅਤੇ ਅਮਲੀ ਰੂਪ ਦੇਣਾ;

(xii) ਦੁਧੈਲ ਜਾਨਵਰਾਂ ਅਤੇ ਨਸਲ ਸਭਾਵਾਂ ਦੇ ਰਜਿਸਟਰੀਕਰਨ ਨੂੰ ਬੜ੍ਹਾਵਾ ਦੇਣਾ;

(xiii) ਵਿਵਹਾਰਕ ਮੌਕਿਆਂ ਦੇ ਆਧਾਰ ਤੇ ਕਿਸਾਨਾਂ ਨੂੰ ਦੇਸ਼ ਦੇ ਅੰਦਰ ਜਾਂ ਬਾਹਰ ਯੂਨਿਟ ਸਥਾਪਤ ਕਰਨ ਲਈ ਸਹਾਇਤਾ ਕਰਨੀ;

(xiv) ਦੁੱਧ ਦੀ ਗੁਣਵੱਤਾ ਬਣਾਈ ਰੱਖਣ ਲਈ ਪਿੰਡ ਪੱਧਰ ਤੇ ਠੰਢਕ-ਕਮ-ਮੰਡੀਕਰਨ ਅਤੇ ਵਿਕਾਸ ਕੇਂਦਰਾਂ ਨੂੰ ਬੜ੍ਹਾਵਾ ਦੇਣਾ;

(xv) ਕੇਂਦਰੀ ਸਰਕਾਰ, ਰਾਜ ਸਰਕਾਰ ਜਾਂ ਹੋਰ ਏਜੰਸੀਆਂ ਤੋਂ ਫ਼ੰਡ ਪ੍ਰਾਪਤ ਕਰਨਾ;

(xvi) ਦਾਨ ਪ੍ਰਾਪਤ ਕਰਨਾ; ਅਤੇ

(xvii) ਬੋਰਡ ਦੇ ਉਦੇਸ਼ਾਂ ਨੂੰ ਹਾਸਲ ਕਰਨ ਲਈ ਉਪਰੋਕਤ ਅਨੁਸੰਗਕ ਅਤੇ ਸਹਾਇਕ ਸਾਰੇ ਮਾਮਲਿਆਂ ਦੇ ਬਾਰੇ ਵਿੱਚ ਲੋੜੀਂਦੀ ਅਥਾਰਟੀ ਦੀ ਵਰਤੋਂ ਕਰਨਾ।

ਬੋਰਡ ਦੇ ਅਧਿਕਾਰੀ ਅਤੇ ਕਰਮਚਾਰੀ।

11. (1) ਧਾਰਾ 5 ਦੀ ਉਪ-ਧਾਰਾ (2) ਅਧੀਨ ਸਥਾਪਤ, ਕਾਰਜਕਾਰੀ ਕਮੇਟੀ ਦਾ ਚੇਅਰਮੈਨ, ਬੋਰਡ ਦਾ ਮੁੱਖ ਕਾਰਜਕਾਰੀ ਹੋਵੇਗਾ ਅਤੇ ਉਹ ਉਨਾ ਚਿਰ ਆਪਣਾ ਅਹੁਦਾ ਧਾਰਨ ਕਰੇਗਾ ਜਿੰਨਾ ਚਿਰ ਉਹ ਬੋਰਡ ਦਾ ਅਹੁਦੇ-ਕਾਰਨ ਮੈਂਬਰ ਸਕੱਤਰ ਬਣਿਆ ਰਹਿੰਦਾ ਹੈ।

(2) ਆਪਣੇ ਕਾਜਕਾਰਾਂ ਨੂੰ ਸਿਰੇ ਚਾੜ੍ਹਨ ਲਈ, ਬੋਰਡ ਉਨ੍ਹਾਂ ਵਿਅਕਤੀਆਂ ਨੂੰ, ਜੋ ਪੇਸ਼ਾਵਰਾਨਾ ਕਾਬਲ ਹਨ, ਜਾਂ ਤਾਂ ਉਨ੍ਹਾਂ ਨੂੰ ਰਾਜ ਸਰਕਾਰ, ਸਰਕਾਰੀ ਖੇਤਰ ਦੇ ਉਪਕ੍ਰਮਾਂ ਜਾਂ ਸੰਗਠਨਾਂ ਤੋਂ ਪ੍ਰਤੀ ਨਿਯੁਕਤੀ ਤੇ ਲੈ ਕੇ ਨਿਯੁਕਤ ਕਰੇਗਾ ਜਾਂ ਉਨ੍ਹਾਂ ਨੂੰ ਠੇਕੇ ਦੇ ਆਧਾਰ ਤੇ ਲਗਾਏਗਾ।

12. * * * *

ਫ਼ੰਡ ਦਾ ਗਠਨ।

13. (1) 'ਪੰਜਾਬ ਡੇਰੀ ਵਿਕਾਸ ਫ਼ੰਡ' ਕਹਾਉਣ ਵਾਲਾ ਇੱਕ ਫ਼ੰਡ ਗਠਤ ਕੀਤਾ ਜਾਵੇਗਾ, ਜੋ ਬੋਰਡ ਵਿੱਚ ਨਿਹਿਤ ਹੋਵੇਗਾ। ਫ਼ੰਡ ਵਿੱਚ ਹੇਠ-ਲਿਖੇ ਅੰਸ਼ਦਾਨ ਹੋਣਗੇ, ਅਰਥਾਤ:-

(i) ਰਾਜ ਦੇ ਸੰਚਿਤ ਫ਼ੰਡ ਵਿੱਚੋਂ ਰਾਜ ਵਿਧਾਨ ਮੰਡਲ ਦੁਆਰਾ ਕਾਨੂੰਨ ਦੁਆਰਾ ਉਪਬੰਧਤ ਕੀਤੀ ਗਈ ਧਨ ਦੀ ਇੱਕ ਰਕਮ, ਜਿਸ ਵਿੱਚ ਦੁੱਧ ਤੇ ਖਰੀਦ ਕਰ ਦਾ ਅਜਿਹਾ ਅਨੁਪਾਤ ਸ਼ਾਮਲ ਹੋਵੇਗਾ, ਜਿਵੇਂ ਰਾਜ ਵਿਧਾਨ ਮੰਡਲ ਇਸ ਐਕਟ ਦੇ ਪ੍ਰਯੋਜਨਾਂ ਲਈ ਵਰਤੇ ਜਾਣ ਲਈ ਮੁਨਾਸਬ ਸਮਝੇ;

(ii) ਧਨ ਦੀਆਂ ਸਾਰੀਆਂ ਰਕਮਾਂ ਜੋ ਕੇਂਦਰੀ ਸਰਕਾਰ, ਰਾਜ ਸਰਕਾਰ ਜਾਂ ਸਥਾਨਕ ਅਥਾਰਟੀਆਂ ਦੁਆਰਾ ਉਪਬੰਧਤ ਕੀਤੀਆਂ ਜਾਣ;

(iii) ਗ੍ਰਾਂਟਾਂ, ਦਾਨ, ਪੁੰਨ-ਅਰਥ ਦਾਨ, ਵਸੀਅਤ ਅਤੇ ਇੰਤਕਾਲ ਕਰਨ ਵਜੋਂ ਪ੍ਰਾਪਤ ਹੋਈਆਂ ਧਨ ਦੀਆਂ ਸਾਰੀਆਂ ਰਕਮਾਂ;

(iv) ਧਨ ਦੀਆਂ ਅਜਿਹੀਆਂ ਸਾਰੀਆਂ ਰਕਮਾਂ ਜੋ ਬੋਰਡ ਦੁਆਰਾ ਕਿਸੇ ਹੋਰ ਤਰੀਕੇ ਨਾਲ ਅਤੇ ਕਿਸੇ ਹੋਰ ਸਾਧਨ ਤੋਂ ਪ੍ਰਾਪਤ ਕੀਤੀਆਂ ਹੋਣ।

(2) ਫ਼ੰਡ ਬੋਰਡ ਦੇ ਉਦੇਸ਼ਾਂ ਦੀ ਪ੍ਰਾਪਤੀ ਅਤੇ ਉਨ੍ਹਾਂ ਦੇ ਸਬੰਧ ਵਿੱਚ ਕੀਤੇ ਜਾਣ ਵਾਲੇ ਖ਼ਰਚਿਆਂ ਦੀ ਪੂਰਤੀ ਕਰਨ ਲਈ ਵਰਤਿਆ ਜਾਵੇਗਾ।

(3) ਬੋਰਡ ਦੇ ਲੇਖੇ ਕੰਪਨੀ ਐਕਟ, 1956 (1956 ਦਾ ਕੇਂਦਰੀ ਐਕਟ 1) ਅਧੀਨ ਕੰਪਨੀਆਂ ਦੇ ਆਡੀਟਰ ਵਜੋਂ ਕਾਰਜ ਕਰਨ ਅਤੇ ਨਿਯੁਕਤ ਕੀਤੇ ਜਾਣ ਲਈ ਯਥਾ ਯੋਗ ਕਾਬਲ ਆਡੀਟਰ ਦੁਆਰਾ ਆਡਿਟ ਕੀਤੇ ਜਾਣਗੇ। ਇੱਕ ਆਡੀਟਰ ਦੀ ਨਿਯੁਕਤੀ ਅਤੇ ਉਸ ਨੂੰ ਅਦਾਇਗੀਯੋਗ ਮਿਹਨਤਾਨੇ ਤੇ ਫ਼ੈਸਲਾ ਬੋਰਡ ਜਾਂ ਬੋਰਡ ਦੁਆਰਾ ਇਸ ਨਮਿੱਤ ਅਧਿਕਾਰਤ ਅਥਾਰਟੀ ਵੱਲੋਂ ਸਲਾਨਾ ਆਧਾਰ 'ਤੇ ਕੀਤਾ ਜਾਵੇਗਾ। ਇਸ ਤਰ੍ਹਾਂ ਨਿਯੁਕਤ ਕੀਤੇ ਗਏ ਆਡੀਟਰ ਕੋਲ ਵਾਜਬ ਸਮੇਂ ਤੇ ਬੋਰਡ ਦੀਆਂ ਵਹੀਆਂ, ਲੇਖੇ ਅਤੇ ਹੋਰ ਦਸਤਾਵੇਜ਼ਾਂ ਤੱਕ ਪਹੁੰਚ ਹੋਵੇਗੀ।

ਡੈਲੀਗੇਟ ਕਰਨਾ।

14. ਜੇ ਬੋਰਡ ਦੀ ਰਾਏ ਹੈ ਕਿ ਅਜਿਹਾ ਕਰਨਾ ਕਾਲ-ਉਚਿਤ ਹੈ, ਤਾਂ ਇਸ ਐਕਟ ਅਧੀਨ ਇਸ ਨੂੰ ਸੌਂਪੀਆਂ ਗਈਆਂ ਆਪਣੀਆਂ ਸ਼ਕਤੀਆਂ ਅਤੇ ਕਾਜਕਾਰ ਆਪਣੇ ਕਿਸੇ ਵੀ ਕਾਰਜਕਰਤਾ ਨੂੰ ਸੌਂਪ ਸਕਦਾ ਹੈ।

ਰਾਜ ਸਰਕਾਰ ਦੀਆਂ ਬੋਰਡ ਨੂੰ ਨਿਰਦੇਸ਼ ਜਾਰੀ ਕਰਨ ਦੀਆਂ ਸ਼ਕਤੀਆਂ।

15. ਰਾਜ ਸਰਕਾਰ, ਸਮੇਂ ਸਮੇਂ ਤੇ, ਬੋਰਡ ਨੂੰ ਅਜਿਹੇ ਨਿਰਦੇਸ, ਜਾਰੀ ਕਰ ਸਕਦੀ ਹੈ ਜੋ ਉਸ ਦੀ ਰਾਏ ਵਿੱਚ, ਇਸ ਐਕਟ ਅਤੇ ਇਸ ਦੇ ਅਧੀਨ ਬਣਾਏ ਨਿਯਮਾਂ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਜ਼ਰੂਰੀ ਜਾਂ ਕਾਲਉਚਿਤ ਹਨ ਅਤੇ ਬੋਰਡ ਉਨ੍ਹਾਂ ਦੀ ਪਾਲਣਾ ਕਰੇਗਾ।

ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਉ।

16. ਇਸ ਐਕਟ, ਇਸ ਦੇ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਜਾਂ ਇਨ੍ਹਾਂ ਦੇ ਅਧੀਨ ਜਾਰੀ ਕੀਤੇ ਗਏ ਕਿਸੇ ਨਿਰਦੇਸ਼ਾਂ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਦੇ ਬਾਰੇ ਵਿੱਚ ਰਾਜ ਸਰਕਾਰ ਜਾਂ ਰਾਜ ਸਰਕਾਰ ਜਾਂ ਬੋਰਡ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਨਿਯਮ ਬਣਾਉਣ ਦੀ ਸ਼ਕਤੀ।

17. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ, ਨਿਯਮ ਬਣਾ ਸਕੇਗੀ।

(2) ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨ੍ਹਾਂ, ਅਜਿਹੇ ਨਿਯਮ ਇਨ੍ਹਾਂ ਲਈ ਉਪਬੰਧ ਕਰ ਸਕਣਗੇ,-

(ੳ) ਧਾਰਾ 3 ਦੀ ਉਪ-ਧਾਰਾ (7) ਅਧੀਨ ਰਿਪੋਰਟ ਪੇਸ਼ ਕਰਨਾ;

(ਅ) * * * *

(ੲ) ਕੋਈ ਹੋਰ ਮਾਮਲਾ ਜੋ ਮੁਕੱਰਰ ਕੀਤਾ ਜਾਣਾ ਹੈ ਜਾਂ ਕੀਤਾ ਜਾ ਸਕਦਾ ਹੈ।

(3) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਰਣ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਕੀਤੀ ਜਾਣੋਂ ਰਹਿ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਵਿਨਿਯਮ ਬਣਾਉਣ ਦੀ ਸ਼ਕਤੀ।

18. (1) ਬੋਰਡ, ਸਮੇਂ ਸਮੇਂ ਤੇ, ਰਾਜ ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ, ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਦੇ ਪ੍ਰਯੋਜਨਾਂ ਲਈ, ਇਸ ਐਕਟ ਦੇ ਉਪਬੰਧਾਂ ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੇ ਅਸੰਗਤ ਨਾ ਹੋਣ ਵਾਲੇ ਵਿਨਿਯਮ ਬਣਾ ਸਕਦਾ ਹੈ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਵਿਨਿਯਮ ਹੇਠ-ਲਿਖਿਆਂ ਲਈ ਉਪਬੰਧ ਕਰ ਸਕਣਗੇ,-

(ਓ) ਬੋਰਡ ਦੀਆਂ ਇਕੱਤਰਤਾਵਾਂ ਦਾ ਸੰਚਾਲਣ ਕਰਨਾ; ਅਤੇ

(ਅ) ਧਾਰਾ 11 ਅਧੀਨ ਬੋਰਡ ਦੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੀਆਂ ਸੇਵਾ ਦੀਆਂ ਸ਼ਰਤਾਂ ਅਤੇ ਉਹਨਾਂ ਦੇ ਕਾਜਕਾਰ ਅਤੇ ਕਰਤੱਵਾਂ ਨੂੰ ਨਿਰਧਾਰਤ ਕਰਨਾ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

19. (1) ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਜਾਂ ਇਸ ਐਕਟ ਜਾਂ ਤੱਤਸਮੇਂ ਲਈ ਨਾਫ਼ਜ਼ ਕਿਸੇ ਹੋਰ ਇਨੈਕਟਮੈਂਟ ਵਿੱਚ ਦਰਜ ਕਿਸੇ ਵੀ ਗੱਲ ਦੇ ਕਾਰਨਾਂ ਕਰਕੇ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਜਿਵੇਂ ਮੌਕਾ ਪੈਦਾ ਹੋਵੇ, ਹੁਕਮ ਦੁਆਰਾ, ਇਹ ਨਿਰਦੇਸ਼ ਦੇ ਸਕਦੀ ਹੈ ਕਿ ਇਹ ਐਕਟ ਅਜਿਹੀ ਮੁੱਦਤ ਦੇ ਦੌਰਾਨ ਜੋ ਹੁਕਮ ਵਿੱਚ ਉਲਿਖਤ ਕੀਤੀ ਜਾਵੇ, ਪਰ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਤੋਂ ਦੋ ਸਾਲਾਂ ਦੇ ਗੁਜ਼ਰਨ ਤੋਂ ਵੱਧ ਨ ਹੋਵੇ, ਅਜਿਹੇ ਅਪਣਾਉਣ ਦੇ ਤਾਬੇ, ਭਾਵੇਂ ਉਹ ਰੂਪਭੇਦ, ਵਾਧਾ ਜਾਂ ਉਕਾਈ ਦੇ ਰੂਪ ਵਿੱਚ ਹੋਵੇ, ਪ੍ਰਭਾਵੀ ਹੋਵੇਗਾ, ਜਿਵੇਂ ਉਹ ਜ਼ਰੂਰੀ ਅਤੇ ਹਾਲਤ ਅਨੁਸਾਰ ਉਚਿਤ ਸਮਝੇ।

(2) ਉਪ-ਧਾਰਾ (1) ਅਧੀਨ ਕੀਤਾ ਗਿਆ ਹਰੇਕ ਹੁਕਮ, ਉਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਅੱਗੇ ਰੱਖਿਆ ਜਾਵੇਗਾ।

ਨਿਰਸਨ ਅਤੇ ਬਚਾਉ।

20. (1) ਪੰਜਾਬ ਡੇਰੀ ਵਿਕਾਸ ਬੋਰਡ ਆਰਡੀਨੈਂਸ, 2000 (2000 ਦਾ ਪੰਜਾਬ ਆਰਡੀਨੈਂਸ ਨੰ: 8) ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਦਰਸਾਏ ਗਏ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਵੀ ਗੱਲ ਜਾਂ ਕੀਤੀ ਗਈ ਕੋਈ ਵੀ ਕਾਰਵਾਈ, ਇਸ ਐਕਟ ਅਧੀਨ ਕੀਤੀ ਜਾਂ ਕੀਤੀ ਗਈ ਸਮਝੀ ਜਾਵੇਗੀ।

ਬੀ.ਬੀ.ਐਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ।

ਡਿਸਕਲੇਮਰ:- ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

3773/7-2026/Pb. Govt. Press, S.A.S. Nagar

ਭਾਗ –1

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 14 ਜੁਲਾਈ, 2026

ਨੰ. 53/ਭ:ਕ/2026.– ਪੰਜਾਬ ਪਲਾਸਟਿਕ ਲਿਫ਼ਾਫ਼ੇ (ਨਿਰਮਾਣ, ਵਰਤੋਂ ਅਤੇ ਨਿਪਟਾਰਾ) ਕੰਟਰੋਲ ਐਕਟ, 2005 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6–ਉ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

NOTIFICATION

The 14th July, 2026

No. 53/L.C./2026.- The Translation in Punjabi of the Punjab Plastic Carry Bags (Manufacture, Usage and Disposal) Control Act, 2005 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਪਲਾਸਟਿਕ ਲਿਫ਼ਾਫ਼ੇ (ਨਿਰਮਾਣ, ਵਰਤੋਂ ਅਤੇ ਨਿਪਟਾਰਾ)
ਕੰਟਰੋਲ ਐਕਟ, 2005
(2005 ਦਾ ਪੰਜਾਬ ਐਕਟ ਨੰ: 17)

ਪੁਨਰ ਆਵਰਤਨ ਕੀਤੇ ਪਲਾਸਟਿਕ ਅਤੇ ਰੰਗੇ ਹੋਏ ਲਿਫ਼ਾਫ਼ਿਆਂ ਤੋਂ ਪਲਾਸਟਿਕ ਦੇ ਲਿਫ਼ਾਫ਼ੇ ਅਤੇ ਹੋਰ ਪਲਾਸਟਿਕ ਉਤਪਾਦਾਂ ਦੇ ਨਿਰਮਾਣ, ਉਹਨਾਂ ਦੀ ਵਰਤੋਂ ਤੇ ਕੰਟਰੋਲ ਲਈ ਅਤੇ ਜਨਤਕ ਥਾਵਾਂ, ਨਾਲੀਆਂ ਅਤੇ ਸੀਵਰੇਜ ਵਿੱਚ ਗੈਰ–ਜੀਵ–ਵਿਘਟਨ ਪਲਾਸਟਿਕ ਕਚਰੇ ਦੇ ਨਿਪਟਾਰੇ ਦੀ ਪਾਬੰਦੀ ਲਈ, ਸਾਫ਼ ਵਾਤਾਵਰਣ ਨੂੰ ਬਹਾਲ ਕਰਨ ਅਤੇ ਬਣਾਈ ਰੱਖਣ ਲਈ ਅਤੇ ਇਸ ਨਾਲ ਸਬੰਧਤ ਜਾਂ ਉਸ ਦੇ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਛਪੰਜਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਪਲਾਸਟਿਕ ਲਿਫ਼ਾਫ਼ੇ (ਨਿਰਮਾਣ, ਵਰਤੋਂ ਅਤੇ ਨਿਪਟਾਰਾ) ਕੰਟਰੋਲ ਐਕਟ, 2005 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ, ਸਿਵਾਏ ਧਾਰਾ 14 ਅਤੇ 17 ਦੇ ਉਪਬੰਧਾਂ ਦੇ, ਜੋ ਇਸ ਦੇ ਅਰੰਭ ਹੋਣ ਦੀ ਤਰੀਕ ਤੋਂ ਇੱਕ ਸਾਲ ਛੇ ਮਹੀਨੇ ਦੀ ਮੁੱਦਤ ਦੇ ਗੁਜ਼ਰਨ ਤੋਂ ਬਾਅਦ ਨਾਫ਼ਜ਼ ਹੋਣਗੇ।

ਪਰਿਭਾਸ਼ਾਵਾਂ। 2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ–

(ੳ) "ਜੀਵ–ਵਿਘਟਨਯੋਗ ਗੰਦ–ਮੰਦ" ਦਾ ਮਤਲਬ ਹੈ ਸੂਖਮ ਜੀਵਾਂ ਦੀ ਕਾਰਵਾਈ ਦੁਆਰਾ ਵਿਘਟਨ ਕੀਤੇ ਜਾ ਸਕਣਯੋਗ ਗੰਦ–ਮੰਦ ਜਾਂ ਕਚਰਾ ਸਮੱਗਰੀ;

(ਅ) "ਇਮਾਰਤ" ਦਾ ਮਤਲਬ ਹੈ ਕੋਈ ਦੁਕਾਨ, ਘਰ, ਉਪ–ਘਰ, ਝੌਂਪੜੀ, ਛੱਪਰ ਜਾਂ ਤਬੇਲਾ ਭਾਵੇਂ ਉਹ ਮਨੁੱਖੀ ਨਿਵਾਸ ਜਾਂ ਹੋਰਵੇਂ ਪ੍ਰਯੋਜਨ ਲਈ ਵਰਤੇ ਜਾਂਦੇ ਹੋਣ ਅਤੇ ਭਾਵੇਂ ਉਹ ਪੱਥਰਾਂ, ਇੱਟਾਂ, ਲੱਕੜ, ਗਾਰੇ, ਘਾਹ–ਫੂਸ, ਧਾਤ ਜਾਂ ਭਾਵੇਂ ਉਹ ਕਿਸੇ ਹੋਰ ਸਮੱਗਰੀ ਦਾ ਹੋਵੇ; ਅਤੇ ਇਸ ਵਿੱਚ ਕੰਧ ਅਤੇ ਖੂਹ ਸ਼ਾਮਲ ਹੈ;

(ਏ) "ਲਿਫ਼ਾਫ਼ਾ" ਦਾ ਮਤਲਬ ਹੈ ਪਲਾਸਟਿਕ ਦਾ ਲਿਫ਼ਾਫ਼ਾ ਭਾਵੇਂ ਉਸਦੇ ਸਵੈ ਚੁੱਕਣ ਵਾਲਾ ਹੱਥਾ ਹੋਵੇ ਜਾਂ "ਡੀ" ਛੇਕ ਵਾਲਾ ਹੱਥਾ ਹੋਵੇ ਜਾਂ ਨ ਹੋਵੇ;

(ਸ) "ਖਾਣਾ" ਦਾ ਮਤਲਬ ਹੈ ਮਨੁੱਖੀ ਖਪਤ ਲਈ ਖਾਣ ਜਾਂ ਪੀਣ ਵਜੋਂ ਵਰਤੀ ਜਾਂਦੀ ਕੋਈ ਵਸਤੂ ਅਤੇ ਇਸ ਵਿੱਚ ਨਿਮਨਲਿਖਤ ਸ਼ਾਮਲ ਹਨ,–

(i) ਕੋਈ ਵਸਤੂ ਜੋ ਆਮ ਤੌਰ ਤੇ ਮਨੁੱਖੀ ਖਾਣੇ ਦੀ ਰਚਨਾ ਜਾਂ ਤਿਆਰ ਵਿੱਚ ਸ਼ਾਮਲ ਜਾਂ ਵਰਤੀ ਜਾਂਦੀ ਹੈ;

(ii) ਕੋਈ ਖੁਸ਼ਬੂ ਅਤੇ ਸੁਆਦ ਪੈਦਾ ਕਰਨ ਵਾਲਾ ਮਾਦਾ ਜਾਂ ਮਸਾਲਾ;

(iii) ਕੋਈ ਹੋਰ ਵਸਤੂ ਜਿਸ ਨੂੰ ਸਰਕਾਰ ਇਸ ਦੀ ਵਰਤੋਂ, ਪ੍ਰਕਿਰਤੀ, ਪਦਾਰਥ ਜਾਂ ਗੁਣਵੱਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨ ਲਈ ਖਾਣੇ ਵਜੋਂ ਐਲਾਨ ਸਕੇ;

(ਹ) "ਘਰ ਨਾਲੀ" ਦਾ ਮਤਲਬ ਹੈ ਨਾਲੀ ਵਜੋਂ ਕੰਮ ਕਰਦੀ ਜਾਂ ਨਾਲੀ ਲਿਜਾਣ ਜਾਂ ਗੰਦਗੀ ਜਾਂ ਹੋਰ ਪ੍ਰਦੂਸ਼ਤ ਪਦਾਰਥ ਲਈ ਪਖ਼ਾਨੇ, ਪਿਸ਼ਾਬਘਰ, ਮਲ ਹੌਦੀ ਜਾਂ ਹੋਰ ਥਾਂ ਨੂੰ ਪਹੁੰਚ ਦੇਣ ਦੇ ਪ੍ਰਯੋਜਨ ਲਈ, ਇਸ ਦੀ ਸਫ਼ਾਈ ਜਾਂ ਉਸ ਵਿੱਚ ਅਜਿਹੇ ਪਦਾਰਥ ਹਟਾਉਣ ਲਈ ਨਿਯੋਜਤ ਵਿਅਕਤੀਆਂ ਦੁਆਰਾ ਉਸਾਰਿਆ, ਅੱਡਰਾ ਰੱਖਿਆ ਜਾਂ ਵਰਤਿਆ ਜਾਂਦਾ ਰਸਤਾ ਜਾਂ ਭੌਂ ਦਾ ਟੁਕੜਾ;

(ਕ) "ਸਥਾਨਕ ਅਥਾਰਟੀ" ਦਾ ਮਤਲਬ ਹੈ ਪੰਜਾਬ ਰਾਜ ਵਿੱਚ ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਅਧੀਨ ਅਜਿਹੇ ਤੌਰ ਤੇ ਗਠਤ ਕੀਤੀ ਜਾਂ ਜਾਰੀ ਰੱਖੀ, ਜਿਹੀ ਕਿ ਸੂਰਤ ਹੋਵੇ, ਨਗਰ–ਨਿਗਮ, ਨਿਗਮ ਕੌਂਸਲ, ਨਗਰ ਪੰਚਾਇਤ, ਜ਼ਿਲ੍ਹਾ ਪਰਿਸ਼ਦ, ਪੰਚਾਇਤ ਸੰਮਤੀ ਜਾਂ ਗ੍ਰਾਮ ਪੰਚਾਇਤ;

(ਖ) "ਬਜ਼ਾਰ" ਦਾ ਮਤਲਬ ਹੈ ਉਹ ਥਾਂ ਜਿੱਥੇ ਮਨੁੱਖੀ ਵਰਤੋਂ ਲਈ ਮਾਲ ਵੇਚਿਆ ਅਤੇ ਖਰੀਦਿਆ ਜਾਂਦਾ ਹੈ ਅਤੇ ਜਿਸ ਵਿੱਚ ਕੋਈ ਹੋਰ ਥਾਂ ਸ਼ਾਮਲ ਹੈ ਜਿੱਥੇ ਵਿਅਕਤੀ ਫ਼ਲ, ਸਬਜ਼ੀਆਂ, ਖਾਣਾ, ਮਾਸ, ਮੱਛੀ ਜਾਂ ਕੋਈ ਹੋਰ ਵਸਤੂਆਂ ਦੀ ਵਿਕਰੀ ਲਈ ਅਜਿਹੀ ਥਾਂ ਤੇ ਮਾਲਕ ਦੀ ਸੰਮਤੀ ਨਾਲ ਜਾਂ ਬਿਨਾਂ ਇਕੱਠੇ ਹੁੰਦੇ ਹਨ, ਇਸ ਗੱਲ ਦੇ ਹੁੰਦਿਆਂ ਹੋਇਆਂ ਵੀ ਕਿ ਖਰੀਦਦਾਰ ਅਤੇ ਵੇਚਣ ਵਾਲਿਆਂ ਦੇ ਮੇਲ ਲਈ ਕੋਈ ਸਾਂਝਾ ਵਿਨਿਯਮ ਨਾ ਹੋਵੇ ਅਤੇ ਭਾਵੇਂ ਉਸ ਥਾਂ ਦੇ ਮਾਲਕ ਜਾਂ ਕਿਸੇ ਹੋਰ ਵਿਅਕਤੀ ਦੁਆਰਾ ਕਾਰੋਬਾਰ 'ਤੇ ਜਾਂ ਬਜ਼ਾਰ ਵਿੱਚ ਆਉਣ-ਜਾਣ ਵਾਲੇ ਵਿਅਕਤੀਆਂ ਤੇ ਕੋਈ ਕੰਟਰੋਲ ਵਰਤਿਆ ਜਾਂਦਾ ਹੋਵੇ ਜਾਂ ਨ ਹੋਵੇ;

(ਗ) "ਗੈਰ-ਜੀਵ-ਵਿਘਟਨਯੋਗ ਗੰਦ-ਮੰਦ" ਦਾ ਮਤਲਬ ਹੈ ਉਹ ਬੇਕਾਰ ਗੰਦ-ਮੰਦ ਜਾਂ ਪਦਾਰਥ, ਜੋ ਸੂਖ਼ਮ ਜੀਵਾਂ ਦੀ ਕਾਰਵਾਈ ਦੁਆਰਾ ਜੀਵ-ਵਿਘਟਨਯੋਗ ਨਾ ਹੋਵੇ, ਅਤੇ ਇਸ ਵਿੱਚ ਥਰਮੋਪਲਾਸਟਿਕਸ ਅਤੇ ਥਰਮੋ-ਸੈੱਟ ਪਲਾਸਟਿਕਸ, ਜਿਵੇਂ ਪੀਵੀਸੀ, ਪੋਲੀਐਥੀਲੀਨ, ਟੈਰੇਫਥਾਲੇਟ, ਪੋਲੀਪ੍ਰੋਪਾਈਲੀਨ, ਪੋਲੀਯੂਰੀਥੇਨ, ਪੋਲੀਕਾਰਬੋਨੇਟ, ਪੋਲੀਸਟਾਈਰੀਨ ਸ਼ਾਮਲ ਹਨ, ਜਿਵੇਂ ਇਸ ਐਕਟ ਨਾਲ ਨੱਥੀ ਅਨੁਸੂਚੀ ਵਿੱਚ ਉਲਿਖਤ ਕੀਤਾ ਗਿਆ ਹੋਵੇ, ਸ਼ਾਮਲ ਹਨ;

(ਘ) "ਦਖੀਲਕਾਰ" ਵਿੱਚ ਨਿਮਨ-ਲਿਖਤ ਸ਼ਾਮਲ ਹੈ-

(i) ਕੋਈ ਵਿਅਕਤੀ, ਜੋ ਤੱਤ ਸਮੇਂ ਲਈ ਭੋਂ ਜਾਂ ਇਮਾਰਤ ਦਾ ਕਿਰਾਇਆ ਜਾਂ ਕਿਰਾਏ ਦਾ ਕੋਈ ਹਿੱਸਾ, ਜਿਹੀ ਕਿ ਸੂਰਤ ਹੋਵੇ, ਜਿਸ ਦੇ ਬਾਰੇ ਵਿੱਚ ਅਜਿਹਾ ਕਿਰਾਇਆ ਅਦਾ ਕੀਤਾ ਜਾਂਦਾ ਹੈ ਜਾਂ ਅਦਾਇਗੀਯੋਗ ਹੈ, ਮਾਲਕ ਨੂੰ ਅਦਾ ਕਰ ਰਿਹਾ ਹੈ ਜਾਂ ਅਦਾ ਕਰਨ ਲਈ ਭਾਗੀ ਹੈ;

(ii) ਆਪਣੀ ਭੋਂ ਜਾਂ ਇਮਾਰਤ ਤੇ ਕਾਬਜ਼ ਜਾਂ ਹੋਰ ਤਰ੍ਹਾਂ ਵਰਤੋਂ ਕਰ ਰਿਹਾ ਮਾਲਕ;

(iii) ਬਿਨਾਂ ਕਿਰਾਇਆ ਕਿਸੇ ਭੋਂ ਜਾਂ ਇਮਾਰਤ ਤੇ ਦਖ਼ਲ ਰੱਖਣ ਵਾਲਾ ਕਿਰਾਏਦਾਰ; ਅਤੇ

(iv) ਕੋਈ ਵਿਅਕਤੀ, ਜੋ ਕਿਸੇ ਭੋਂ ਜਾਂ ਇਮਾਰਤ ਦੀ ਵਰਤੋਂ ਅਤੇ ਕਬਜ਼ੇ ਲਈ ਮਾਲਕ ਨੂੰ ਹਰਜ਼ਾਨਾ ਅਦਾ ਕਰਨ ਲਈ ਉੱਤਰਦਾਈ ਹੈ;

(ਙ) "ਮਾਲਕ" ਵਿੱਚ ਉਹ ਵਿਅਕਤੀ ਸ਼ਾਮਲ ਹੈ ਜੋ ਤੱਤ ਸਮੇਂ ਲਈ ਕਿਸੇ ਭੋਂ ਜਾਂ ਇਮਾਰਤ ਦਾ ਕਿਰਾਇਆ, ਭਾਵੇਂ ਉਸ ਦੇ ਆਪਣੇ ਹੀ ਨਮਿੱਤ ਜਾਂ ਖੁਦ ਅਤੇ ਹੋਰਾਂ ਦੇ ਨਮਿੱਤ ਜਾਂ ਕਿਸੇ ਏਜੰਟ, ਟਰੱਸਟੀ, ਸਰਪ੍ਰਸਤ

ਜਾਂ ਪ੍ਰਾਪਕ ਵਜੋਂ ਪ੍ਰਾਪਤ ਕਰ ਰਿਹਾ ਹੈ ਜਾਂ ਪ੍ਰਾਪਤ ਕਰਨ ਦਾ ਹੱਕਦਾਰ ਹੈ ਜਾਂ ਜੋ ਇਸ ਤਰ੍ਹਾਂ ਕਿਰਾਇਆ ਪ੍ਰਾਪਤ ਕਰੇ ਜਾਂ ਕਿਰਾਇਆ ਪ੍ਰਾਪਤ ਕਰਨ ਦਾ ਹੱਕਦਾਰ ਹੋਵੇ, ਜੇਕਰ ਭੌਂ ਜਾਂ ਇਮਾਰਤ ਜਾਂ ਉਸ ਦਾ ਹਿੱਸਾ ਇੱਕ ਕਿਰਾਏਦਾਰ ਨੂੰ ਦਿੱਤਾ ਗਿਆ ਹੋਵੇ;

(ਚ) "ਰੰਗਣ ਵਾਲੇ ਪਦਾਰਥ" ਦਾ ਮਤਲਬ ਹੈ ਲਿਫ਼ਾਫ਼ਿਆਂ ਨੂੰ ਰੰਗਣ ਲਈ ਵਰਤੇ ਜਾਂਦੇ ਜੈਵਿਕ ਜਾਂ ਅਜੈਵਿਕ ਰਸਾਇਣਿਕ ਪਦਾਰਥ ਭਾਵੇਂ ਕੁਦਰਤੀ ਜਾਂ ਬਣਾਉਟੀ;

(ਛ) "ਸਥਾਨ" ਦਾ ਮਤਲਬ ਹੈ ਕੋਈ ਭੌਂ ਜਾਂ ਇਮਾਰਤ ਜਾਂ ਇਮਾਰਤ ਦਾ ਹਿੱਸਾ ਅਤੇ ਇਸ ਵਿੱਚ ਇਮਾਰਤ ਜਾਂ ਇਮਾਰਤ ਦੇ ਹਿੱਸੇ ਸਬੰਧੀ ਬਗੀਚਾ, ਮੈਦਾਨ ਅਤੇ ਉਪ-ਘਰ, ਜੇ ਕੋਈ ਹੋਵੇ, ਸ਼ਾਮਲ ਹਨ;

(ਜ) "ਲੋਕ ਦ੍ਰਿਸ਼ਟੀ ਲਈ ਖੁੱਲ੍ਹਾ ਸਥਾਨ" ਵਿੱਚ ਕੋਈ ਸਥਾਨ ਜਾਂ ਇਮਾਰਤ, ਯਾਦਗਾਰ, ਵਾੜ ਜਾਂ ਬਾਲਕੋਨੀ ਸ਼ਾਮਲ ਹੈ ਜੋ ਕਿਸੇ ਵਿਅਕਤੀ ਨੂੰ ਲੋਕ ਸਥਾਨ ਤੇ ਹੋਣ ਜਾਂ ਉਸ ਦੇ ਨਾਲ ਲੰਘਣ ਵੇਲੇ ਦਿਖਾਈ ਦਿੰਦੀ ਹੋਵੇ;

(ਝ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਨਿਯਮਾਂ ਦੁਆਰਾ ਮੁਕੱਰਰ;

(ਞ) "ਲੋਕ ਵਿਸ਼ਲੇਸ਼ਕ" ਦਾ ਮਤਲਬ ਹੈ ਉਹ ਵਿਅਕਤੀ ਜੋ ਧਾਰਾ 8 ਅਧੀਨ ਅਜਿਹੇ ਤੌਰ ਤੇ ਨਿਯੁਕਤ ਕੀਤਾ ਗਿਆ ਹੋਵੇ;

(ਟ) "ਲੋਕ ਸਥਾਨ" ਦਾ ਮਤਲਬ ਹੈ ਕੋਈ ਥਾਂ ਜੋ ਲੋਕਾਂ ਦੀ ਵਰਤੋਂ ਅਤੇ ਉਪਭੋਗ ਲਈ ਖੁੱਲ੍ਹੀ ਹੋਵੇ ਭਾਵੇਂ ਇਹ ਵਾਸਤਵਿਕ ਤੌਰ ਤੇ ਲੋਕਾਂ ਦੁਆਰਾ ਵਰਤੀ ਜਾਂ ਉਪਭੋਗ ਕੀਤੀ ਜਾਂਦੀ ਹੋਵੇ ਜਾਂ ਨਹੀਂ ਅਤੇ ਇਸ ਵਿੱਚ ਸੜਕ, ਗਲੀ, ਬਜ਼ਾਰ, ਘਰ ਨਾਲੀ, ਰਸਤਾ, ਭਾਵੇਂ ਉਹ ਆਮ ਰਾਹ ਹੋਵੇ ਜਾਂ ਨਹੀਂ, ਅਤੇ ਉਤਰਨ ਥਾਂ ਸ਼ਾਮਲ ਹੈ ਜਿੱਥੇ ਲੋਕਾਂ ਨੂੰ ਪਹੁੰਚ ਦਿੱਤੀ ਜਾਂਦੀ ਹੈ ਜਾਂ ਜਿੱਥੇ ਉਨ੍ਹਾਂ ਨੂੰ ਆਉਣ-ਜਾਣ ਦਾ ਅਧਿਕਾਰ ਹੋਵੇ ਜਾਂ ਜਿੱਥੇ ਉਨ੍ਹਾਂ ਨੂੰ ਲੰਘਣ ਦਾ ਅਧਿਕਾਰ ਹੋਵੇ;

(ਠ) "ਪੁਨਰ ਆਵਰਤਨ" ਦਾ ਮਤਲਬ ਹੈ ਉਹ ਅਮਲ ਜਿਸ ਦੁਆਰਾ ਲਿਫ਼ਾਫ਼ੇ ਜਾਂ ਵਰਤੋਂ ਲਈ ਕੋਈ ਹੋਰ ਪਲਾਸਟਿਕ ਵਸਤੂ ਦੇ ਨਿਰਮਾਣ ਦੇ ਪ੍ਰਯੋਜਨ ਲਈ ਪਲਾਸਟਿਕ ਕਚਰਾ ਇਕੱਠਾ, ਵੱਖ ਅਤੇ ਪ੍ਰੋਸੈਸ ਕੀਤਾ ਜਾਂਦਾ ਹੈ;

(ਡ) "ਧਾਰਾ" ਦਾ ਮਤਲਬ ਹੈ ਇਸ ਐਕਟ ਦੀ ਧਾਰਾ; ਅਤੇ

(ਢ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ।

ਅਣਲੱਗ ਪਲਾਸਟਿਕ ਤੋਂ ਲਿਫ਼ਾਫ਼ਿਆਂ ਦੇ ਨਿਰਮਾਣ ਦੀ ਮਨਾਹੀ।

3. ਕੋਈ ਵਿਅਕਤੀ 30 ਮਾਈਕਰੋਨ ਤੋਂ ਘੱਟ ਮੋਟਾਈ ਵਾਲੇ ਅਤੇ 8"×12" ਤੋਂ ਘੱਟ ਆਕਾਰ ਵਾਲੇ ਅਤੇ ਉਲਿਖਤ ਰੰਗ ਤੋਂ ਇਲਾਵਾ ਕਿਸੇ ਹੋਰ ਰੰਗ ਦੇ ਅਣਲੱਗ ਪਲਾਸਟਿਕ ਤੋਂ ਕਿਸੇ ਵੀ ਲਿਫ਼ਾਫਿਆਂ ਦਾ ਨਿਰਮਾਣ ਨਹੀਂ ਕਰੇਗਾ ਜਾਂ ਨਹੀਂ ਕਰਵਾਏਗਾ।

ਪੁਨਰ ਆਵਰਤਨ ਕੀਤੀ ਪਲਾਸਟਿਕ ਤੋਂ ਲਿਫ਼ਾਫ਼ਿਆਂ ਦੇ ਨਿਰਮਾਣ ਲਈ ਮਨਾਹੀ।

4. (1) ਕੋਈ ਵੀ ਵਿਅਕਤੀ ਖਾਣੇ ਦੀ ਕੋਈ ਵੀ ਵਸਤੂ ਸਟੋਰ ਕਰਨ, ਲਿਜਾਣ ਜਾਂ ਪੈਕ ਕਰਨ ਦੌਰਾਨ ਅਜੈਵਿਕ ਜਾਂ ਜੈਵਿਕ ਰੰਗਾਂ, ਪਲਾਸਟੀਸਾਇਜ਼ਰਾਂ, ਗਰੀਸ ਅਤੇ ਸਟੈਬੀਲਾਈਜ਼ਰਾਂ ਵਾਲੇ ਜਾਂ ਰਹਿਤ ਪੁਨਰ ਆਵਰਤਨ ਕੀਤੇ ਗੈਰ-ਜੀਵ ਵਿਘਟਨਯੋਗ ਪਲਾਸਟਿਕ ਲਿਫ਼ਾਫ਼ੇ ਜਾਂ ਪਾਤਰ ਵਿਕਰੀ ਜਾਂ ਵਰਤੋਂ ਲਈ ਨਿਰਮਤ ਨਹੀਂ ਕਰੇਗਾ ਜਾਂ ਨਹੀਂ ਕਰਵਾਏਗਾ ਜੋ ਖਾਣੇ ਨੂੰ ਜ਼ਹਿਰੀਲਾ ਬਣਾਉਣ ਲਈ ਜ਼ਿੰਮੇਵਾਰ ਹਨ।

(2) ਇਸ ਐਕਟ ਦੇ ਅਰੰਭ ਹੋਣ ਤੋਂ ਪਹਿਲਾਂ ਕਿਸੇ ਕਾਨੂੰਨ ਅਧੀਨ ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਪੁਨਰ-ਆਵਰਤਨ ਕੀਤੇ ਲਿਫ਼ਾਫ਼ਿਆਂ ਦੇ ਨਿਰਮਾਣ, ਜਾਂ ਵਿਕਰੀ ਲਈ ਦਿੱਤਾ ਗਿਆ ਜਾਂ ਪ੍ਰਾਪਤ ਕੀਤਾ ਗਿਆ ਲਸੰਸ, ਇਸ ਦੇ ਧਾਰਕ ਜਾਂ ਇਸ ਦੇ ਨਮਿੱਤ ਕਿਸੇ ਵਿਅਕਤੀ ਨੂੰ ਅਜਿਹਾ ਕਾਰੋਬਾਰ ਕਾਰੰਭ ਕਰਨ ਜਾਂ ਚਲਾਉਣ ਦਾ ਹੱਕਦਾਰ ਨਹੀਂ ਬਣਾਏਗਾ।

ਪੁਨਰ ਆਵਰਤਨ ਕੀਤੀ ਪਲਾਸਟਿਕ ਤੋਂ ਲਿਫ਼ਾਫ਼ਿਆਂ ਦੇ ਨਿਰਮਾਣ ਦੀ ਇਜਾਜ਼ਤ।

5. ਧਾਰਾ 4 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਜ ਸਰਕਾਰ, ਪੁਨਰ-ਆਵਰਤਨ ਕੀਤੀ ਪਲਾਸਟਿਕ ਤੋਂ ਅਜਿਹੇ ਰੰਗ, ਆਕਾਰ, ਮੋਟਾਈ ਅਤੇ ਪ੍ਰਯੋਜਨ ਲਈ ਲਿਫ਼ਾਫ਼ੇ ਨਿਰਮਤ ਕਰਨ ਦੀ ਇਜਾਜ਼ਤ ਦੇ ਸਕਦੀ ਹੈ, ਜਿਵੇਂ ਉਸ ਦੁਆਰਾ ਉਲਿਖਤ ਕੀਤਾ ਜਾਵੇ।

ਨਿਰਮਾਤਾ ਦੁਆਰਾ ਲਿਫ਼ਾਫ਼ਿਆਂ ਤੇ ਆਪਣਾ ਨਾਂ, ਪਤਾ, ਰਜਿਸਟਰੀਕਰਨ ਨੰਬਰ ਅਤੇ ਹੋਰ ਵੇਰਵੇ ਛਾਪਣਾ।

6. ਹਰੇਕ ਨਿਰਮਾਤਾ ਹਰੇਕ ਲਿਫ਼ਾਫ਼ੇ ਤੇ ਆਪਣਾ ਨਾਂ, ਪਤਾ, ਰਜਿਸਟਰੀਕਰਨ ਨੰਬਰ, ਆਕਾਰ, ਮੋਟਾਈ ਅਤੇ ਪਲਾਸਟਿਕ ਦੀ ਪ੍ਰਕਿਰਤੀ ਜਿਸ ਤੋਂ ਇਹ ਬਣਾਇਆ ਗਿਆ ਹੋਵੇ ਅਤੇ ਆਈ ਐਸ: 14534:1998 ਅਨੁਸਾਰ ਇਸ ਦਾ ਸੰਘਤਾ-ਬੱਧੀਕਰਨ ਛਾਪੇਗਾ।

ਪੁਨਰ ਆਵਰਤਨ ਕੀਤੀ ਪਲਾਸਟਿਕ ਤੋਂ ਨਿਰਮਤ ਲਿਫ਼ਾਫ਼ੇ ਜਾਂ ਪਾਤਰਾਂ ਦੀ ਵਰਤੋਂ ਤੇ ਮਨਾਹੀ।

7. (1) ਕੋਈ ਵੀ ਵਿਅਕਤੀ ਖਾਣੇ ਦੀ ਕੋਈ ਵੀ ਵਸਤੂ ਸਟੋਰ ਕਰਨ, ਲਿਜਾਣ ਜਾਂ ਪੈਕ ਕਰਨ ਦੇ ਪ੍ਰਯੋਜਨ ਲਈ ਜੈਵਿਕ ਰੰਗਾਂ, ਪਲਾਸਟੀਸਾਇਜ਼ਰਾਂ, ਗਰੀਸ ਅਤੇ ਸਟੈਬੀਲਾਈਜ਼ਰਾਂ ਵਾਲੇ ਜਾਂ ਰਹਿਤ ਪੁਨਰ ਆਵਰਤਨ ਕੀਤੇ ਗੈਰ-ਜੀਵ ਵਿਘਟਨਯੋਗ ਪਲਾਸਟਿਕ ਲਿਫ਼ਾਫ਼ੇ ਜਾਂ ਪਾਤਰ ਦੀ ਵਰਤੋਂ ਨਹੀਂ ਕਰੇਗਾ ਜਾਂ ਨਹੀਂ ਕਰਵਾਏਗਾ ਜੋ ਖਾਣੇ ਨੂੰ ਜ਼ਹਿਰੀਲਾ ਬਣਾਉਣ ਲਈ ਜ਼ਿੰਮੇਵਾਰ ਹਨ।

(2) ਧਾਰਾਵਾਂ 3, 4, 5 ਅਤੇ ਧਾਰਾ 7 ਦੀ ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਅਣਲੱਗ ਜਾਂ ਪੁਨਰ-ਆਵਰਤਨ ਵਰਤੋਂ ਕੀਤੀ ਪਲਾਸਟਿਕ ਤੋਂ

ਬਣੇ ਪਲਾਸਟਿਕ ਲਿਫ਼ਾਫ਼ੇ ਅਤੇ ਪਾਤਰ ਦੇ ਨਿਰਮਾਣ, ਸਟਾਕ, ਵੰਡ, ਪੁਨਰ-ਆਵਰਤਨ, ਵਿਕਰੀ ਜਾਂ ਵਰਤੋਂ ਅਤੇ ਇੱਕ ਵਾਰ ਵਰਤੋਂ ਵਾਲੀਆਂ ਪਲਾਸਟਿਕ ਵਸਤਾਂ ਜਿਵੇਂ ਕਿ ਨਸ਼ਟਯੋਗ ਪਲਾਸਟਿਕ ਕੱਪ, ਗਲਾਸ, ਚਮਚੇ, ਕਾਂਟੇ ਅਤੇ ਪਾਈਪਾਂ ਦੀ ਪੂਰੀ ਤਰ੍ਹਾਂ ਮਨਾਹੀ ਕਰ ਸਕੇਗੀ।

ਲੋਕ ਵਿਸ਼ਲੇਸ਼ਕ।

8. (1) ਰਾਜ ਸਰਕਾਰ, ਸਰਕਾਰੀ ਗਜਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਅਧੀਨ ਕਿਸੇ ਪਲਾਸਟਿਕ ਲਿਫ਼ਾਫ਼ੇ ਦਾ ਵਿਸ਼ਲੇਸ਼ਣ ਅਤੇ ਟੈਸਟ ਕਰਨ ਦੇ ਪ੍ਰਯੋਜਨ ਲਈ, ਅਜਿਹੀਆਂ ਕਾਬਲੀਅਤਾਂ ਰੱਖਣ ਵਾਲੇ, ਜੋ ਮੁਕੱਰਰ ਕੀਤੀਆਂ ਜਾਣ, ਇੱਕ ਵਿਅਕਤੀ ਜਾਂ ਵਿਅਕਤੀਆਂ ਨੂੰ ਲੋਕ ਵਿਸ਼ਲੇਸ਼ਕ ਵਜੋਂ ਨਿਯੁਕਤ ਜਾਂ ਮਾਨਤਾ ਦੇ ਸਕੇਗੀ, ਜਿਵੇਂ ਉਹ ਉਚਿਤ ਸਮਝੇ।

(2) ਲੋਕ ਵਿਸ਼ਲੇਸ਼ਕ ਦੀ ਰਿਪੋਟ ਨੂੰ ਇਸ ਐਕਟ ਦੇ ਅਧੀਨ ਕਿਸੇ ਕਾਰਵਾਈ ਵਿੱਚ ਸ਼ਹਾਦਤ ਦੇ ਦਸਤਾਵੇਜ਼ ਵਜੋਂ ਮੰਨਿਆ ਜਾਵੇਗਾ।

ਸਥਾਨਕ ਅਥਾਰਟੀ ਦੇ ਕਾਜਕਾਰ।

9. ਸਥਾਨਕ ਅਥਾਰਟੀ ਹੇਠ-ਲਿਖੇ ਸਾਰੇ ਜਾਂ ਕੋਈ ਵੀ ਕਾਜਕਾਰ ਨਿਭਾ ਸਕੇਗੀ, ਅਰਥਾਤ:-

(ੳ) ਪਲਾਸਟਿਕ ਕਚਰੇ ਦੀ ਸਮੱਸਿਆ ਨਾਲ ਸਬੰਧਤ ਜਾਂਚ ਅਤੇ ਖੋਜ ਨੂੰ ਸਿਰੇ ਚਾੜ੍ਹਨਾ ਅਤੇ ਪ੍ਰਾਯੋਜਕ ਕਰਨਾ;

(ਅ) ਪਲਾਸਟਿਕ ਦੇ ਨਿਰਮਾਣ, ਵਰਤੋਂ ਅਤੇ ਨਿਪਟਾਰੇ ਵਿੱਚ ਲੱਗੇ ਵਿਅਕਤੀਆਂ ਨੂੰ ਸਿਖਲਾਈ ਦੀ ਯੋਜਨਾ ਬਣਾਉਣਾ ਅਤੇ ਆਯੋਜਿਤ ਕਰਨਾ;

(ਏ) ਪਲਾਸਟਿਕ ਕਾਰਨ ਵਾਤਾਵਰਣ ਦੇ ਵਿਘਟਨ ਦੀ ਰੋਕਥਾਮ ਬਾਬਤ ਲੋਕ ਸੰਚਾਰ ਰਾਹੀਂ ਇੱਕ ਸਰਵ-ਪੱਖੀ ਪ੍ਰੋਗਰਾਮ ਆਯੋਜਤ ਕਰਨਾ;

(ਸ) ਪਲਾਸਟਿਕ ਕਚਰੇ ਦੇ ਨਿਰਮਾਣ, ਵਰਤੋਂ ਅਤੇ ਨਿਪਟਾਰੇ ਨਾਲ ਸਬੰਧਤ ਤਕਨੀਕੀ ਅਤੇ ਅੰਕੜਾਤਮਕ ਡਾਟਾ ਇਕੱਠਾ ਕਰਨਾ, ਸੰਕਲਤ ਅਤੇ ਪ੍ਰਕਾਸ਼ਤ ਕਰਨਾ;

(ਹ) ਪਲਾਸਟਿਕ ਦੇ ਨਿਰਮਾਣ, ਵਰਤੋਂ ਅਤੇ ਨਿਪਟਾਰੇ ਨਾਲ ਸਬੰਧਤ ਮੈਨੂਅਲ, ਨੇਮਾਵਲੀਆਂ ਤਿਆਰ ਕਰਨਾ ਅਤੇ ਉਸ ਨਾਲ ਸਬੰਧਤ ਜਾਣਕਾਰੀ ਫੈਲਾਉਣਾ ਅਤੇ ਜਾਣਕਾਰੀ ਦੇਣਾ;

(ਕ) ਪਲਾਸਟਿਕ ਵਰਤੋਂ ਦੇ ਹਾਨ ਬਾਰੇ ਆਮ ਲੋਕਾਂ ਨੂੰ ਜਾਗਰੂਕ ਕਰਨਾ; ਅਤੇ

(ਖ) ਅਜਿਹੇ ਹੋਰ ਕਾਜਕਾਰ ਨਿਭਾਉਣਾ, ਜੋ ਮੁਕੱਰਰ ਕੀਤੇ ਜਾਣ।

ਲੋਕ-ਨਾਲੀਆਂ, ਮਲ, ਜਾਂ ਲੋਕ ਸਥਾਨ ਤੇ ਗੈਰ-ਵਿਘਟਨਯੋਗ ਗੰਦ-ਮੰਦ ਸੁੱਟਣ ਦੀ ਮਨਾਹੀ।

10. (1) ਕੋਈ ਵੀ ਵਿਅਕਤੀ ਪ੍ਰਾਈਵੇਟ ਜਾਂ ਲੋਕ ਨਿਕਾਸ ਨਿਰਮਾਣ ਨਾਲ ਤੱਲਕ ਰੱਖਦੀ ਕਿਸੇ ਨਾਲੀ, ਹਵਾਦਾਰ ਸਾਫ਼ਟ, ਪਾਈਪ ਅਤੇ ਫਿਟਿੰਗਾਂ ਜਾਂ ਕਿਸੇ ਲੋਕ ਸਥਾਨ ਜਾਂ ਲੋਕ ਦ੍ਰਿਸ਼ਟੀ ਲਈ ਖੁੱਲ੍ਹੇ ਕਿਸੇ ਸਥਾਨ ਤੇ ਇੱਕ ਗੈਰ-ਜੀਵ-ਵਿਘਟਨਯੋਗ ਲਿਫ਼ਾਫ਼ੇ ਵਿੱਚ ਕੋਈ ਗੈਰ ਜੀਵ ਵਿਘਟਨਯੋਗ ਗੰਦ-ਮੰਦ ਜਾਂ ਪਲਾਸਟਿਕ ਜਾਂ ਕੋਈ ਜੀਵ ਵਿਘਟਨਯੋਗ ਗੰਦ-ਮੰਦ ਨਹੀਂ ਸੁੱਟੇਗਾ ਜਾਂ ਨਹੀਂ ਸੁਟਵਾਏਗਾ ਜੋ,-

(ੳ) ਜਲ ਨਿਕਾਸ ਅਤੇ ਸੀਵਰੇਜ ਪ੍ਰਣਾਲੀ ਦੀ ਉਚਿਤ ਕਾਰਜਕਰਤਾ ਨੂੰ ਹਾਨੀ ਪਹੁੰਚਾ ਸਕਦਾ ਹੈ;

(ਅ) ਨਾਲੀ ਅਤੇ ਮਲ ਵਸਤਾਂ ਦੇ ਸੁਤੰਤਰ ਵਹਾਅ ਵਿੱਚ ਵਿਘਨ ਪਾ ਸਕਦਾ ਹੈ ਜਾਂ ਉਨ੍ਹਾਂ ਦੇ ਵਰਤਾਉ ਕਿਰਿਆ ਅਤੇ ਨਿਪਟਾਰੇ ਨੂੰ ਪ੍ਰਭਾਵਿਤ ਕਰ ਸਕਦਾ ਹੈ;

(ੲ) ਖਤਰਨਾਕ ਹੋਵੇ ਜਾਂ ਉਪੱਦਰ ਕਾਰਤ ਕਰੇ ਜਾਂ ਲੋਕ ਸਿਹਤ ਲਈ ਪ੍ਰਤੀਕੂਲ ਹੋਵੇ; ਜਾਂ

(ਸ) ਅਵਾਰਾ ਪਸ਼ੂਆਂ ਦੁਆਰਾ ਨਿਗਲਣ ਦੀ ਸੰਭਾਵਨਾ ਹੋਵੇ ਜਿਸ ਨਾਲ ਸਿਹਤ ਲਈ ਗੰਭੀਰ ਜੋਖ਼ਮ ਪੈਦਾ ਹੋ ਸਕਦੇ ਹਨ।

(2) ਕੋਈ ਵੀ ਵਿਅਕਤੀ, ਸਿਵਾਏ ਅਜਿਹੇ ਜ਼ਾਬਤੇ ਦੀ ਅਨੁਸਾਰਤਾ ਵਿੱਚ ਅਤੇ ਅਜਿਹੇ ਸੁਰੱਖਿਆ ਬਚਾਉ ਦੀ ਪਾਲਣਾ ਕਰਨ ਪਿੱਛੋਂ, ਜੋ ਮੁਕੱਰਰ ਕੀਤਾ ਜਾਵੇ, ਕਿਸੇ ਵੀ ਜੀਵ ਵਿਘਟਨਯੋਗ ਜਾਂ ਗੈਰ ਵਿਘਟਨਯੋਗ ਗੰਦ-ਮੰਦ ਨੂੰ ਕਿਸੇ ਲੋਕ ਸਥਾਨ ਤੇ ਜਾਂ ਲੋਕ ਦ੍ਰਿਸ਼ਟੀ ਲਈ ਖੁੱਲ੍ਹੇ ਸਥਾਨ ਤੇ ਨਹੀਂ ਰੱਖੇਗਾ ਜਾਂ ਰੱਖਣ ਦੀ ਇਜਾਜ਼ਤ ਨਹੀਂ ਦੇਵੇਗਾ, ਜਦੋਂ ਤੱਕ,-

(ੳ) ਗੰਦ-ਮੰਦ ਕਿਸੇ ਗੰਦ-ਮੰਦ ਵਾਲੇ ਪਾਤਰ ਵਿੱਚ ਨਾ ਰੱਖਿਆ ਗਿਆ ਹੋਵੇ; ਜਾਂ

(ਅ) ਗੰਦ-ਮੰਦ ਉਸ ਖੇਤਰ ਤੇ ਅਧਿਕਾਰਤਾ ਰੱਖਣ ਵਾਲੀ ਸਥਾਨਕ ਅਥਾਰਟੀ ਦੁਆਰਾ ਗੰਦ-ਮੰਦ ਦੇ ਨਿਪਟਾਰੇ ਲਈ ਵਰਣਤ ਨਿਰਧਾਰਤ ਕੀਤੇ ਗਏ ਸਥਾਨ ਤੇ ਜਮ੍ਹਾਂ ਨਾ ਕਰਵਾਇਆ ਗਿਆ ਹੋਵੇ।

(3) ਜੇ ਕੋਈ ਵਿਅਕਤੀ ਕਿਸੇ ਲੋਕ ਸਥਾਨ ਜਾਂ ਲੋਕ ਦ੍ਰਿਸ਼ਟੀ ਤੋਂ ਖੁੱਲ੍ਹੀ ਕਿਸੇ ਥਾਂ ਤੇ ਕੋਈ ਜੀਵ-ਵਿਘਟਨਯੋਗ ਜਾਂ ਗੈਰ-ਜੀਵ-ਵਿਘਟਨਸ਼ੀਲ ਗੰਦ-ਮੰਦ ਸੁੱਟਦਾ ਹੈ, ਤਾਂ ਅਜਿਹੇ ਉਪੱਦਰ ਤੋਂ ਦੁਖਤ ਕੋਈ ਵਿਅਕਤੀ ਸਥਾਨਕ ਅਥਾਰਟੀ ਨੂੰ ਸ਼ਿਕਾਇਤ ਕਰ ਸਕਦਾ ਹੈ।

11. ਸਥਾਨਕ ਅਥਾਰਟੀ ਜਾਂ ਇਸ ਦੁਆਰਾ ਅਧਿਕਾਰਤ ਕਿਸੇ ਅਧਿਕਾਰੀ ਦਾ ਇਹ ਕਰਤੱਵ ਹੋਵੇਗਾ ਕਿ ਉਹ- ਪਾਤਰ ਦੀ ਸਥਾਪਨਾ ਲਈ ਉਪਬੰਧ।

(ੳ) ਗੈਰ-ਜੀਵ-ਵਿਘਟਨਯੋਗ ਗੰਦ-ਮੰਦ ਨੂੰ ਅਸਥਾਈ ਤੌਰ ਤੇ ਜਮ੍ਹਾਂ ਕਰਨ ਜਾਂ ਇਕੱਠਾ ਕਰਨ ਲਈ ਲੋਕ ਪਾਤਰ, ਡਿਪੂਆਂ ਜਾਂ ਸਥਾਨਾਂ ਨੂੰ ਉਚਿਤ ਅਤੇ ਸੁਵਿਧਾਨਜਨਕ ਸਥਾਨ ਤੇ ਰੱਖੇ ਜਾਂ ਪ੍ਰਦਾਨ ਕਰੇ;

(ਅ) ਵੱਖ-ਵੱਖ ਕਿਸਮਾਂ ਦੇ ਗੈਰ-ਜੀਵ-ਵਿਘਟਨਯੋਗ ਗੰਦ-ਮੰਦ ਨੂੰ ਅਸਥਾਈ ਤੌਰ ਤੇ ਜਮ੍ਹਾਂ ਕਰਨ ਲਈ ਵੱਖਰੇ ਕੂੜੇਦਾਨ ਪ੍ਰਦਾਨ ਕਰੇ;

(ਏ) ਖੰਡ (ਓ) ਅਧੀਨ ਉਪਬੰਧਤ ਕੀਤੇ ਅਨੁਸਾਰ ਸਾਰੇ ਸਥਾਨਾਂ ਤੇ ਪਾਤਰਾਂ, ਡਿਪੂਆਂ ਅਤੇ ਸੰਚਤ ਹੋਈਆਂ ਅੰਤਰ-ਵਸਤਾਂ ਨੂੰ ਹਟਾਉਣ ਦਾ ਉਪਬੰਧ ਕਰੇ; ਅਤੇ

(ਸ) ਪਲਾਸਟਿਕ ਕਚਰੇ ਦਾ ਵਾਤਾਵਰਣ ਤੌਰ ਤੇ ਨਰੋਏ ਢੰਗ ਨਾਲ ਨਿਪਟਾਰੇ ਲਈ ਇੰਤਜਾਮ ਕਰੇ।

ਗੰਦ-ਮੰਦ ਹਟਾਉਣ ਲਈ ਸਥਾਨਕ ਅਥਾਰਟੀ ਦੀ ਸ਼ਕਤੀ।

12. ਸਾਰੀਆਂ ਭੋਆਂ ਅਤੇ ਇਮਾਰਤਾਂ ਦੇ ਮਾਲਕਾਂ ਅਤੇ ਦਖ਼ੀਲਕਾਰਾਂ ਦਾ ਇਹ ਕਰਤੱਵ ਹੋਵੇਗਾ ਕਿ ਉਹ ਆਪੋ-ਆਪਣੀ ਭੋਂ ਅਤੇ ਇਮਾਰਤਾਂ ਤੋਂ ਗੈਰ-ਜੀਵ-ਵਿਘਟਨਯੋਗ ਇਕੱਠਾ ਕਰਨ ਜਾਂ ਕਰਵਾਉਣ ਅਤੇ ਖੇਤਰ ਵਿੱਚ ਸਥਾਨਕ ਅਥਾਰਟੀ ਦੁਆਰਾ ਗੈਰ-ਜੀਵ-ਵਿਘਟਨਯੋਗ ਗੰਦ-ਮੰਦ ਦੇ ਅਸਥਾਈ ਜਮ੍ਹਾਂ ਜਾਂ ਇਕੱਠਾ ਕਰਨ ਲਈ ਪ੍ਰਦਾਨ ਕੀਤੇ ਗਏ ਲੋਕ ਪਾਤਰਾਂ, ਡਿਪੂਆਂ ਜਾਂ ਸਥਾਨਾਂ ਵਿੱਚ ਜਮ੍ਹਾਂ ਕਰਨ ਜਾਂ ਕਰਵਾਉਣ।

ਮਾਲਕਾਂ ਅਤੇ ਦਖ਼ੀਲਕਾਰਾਂ ਦਾ ਕੂੜਾ ਇਕੱਠਾ ਕਰਨ ਅਤੇ ਜਮ੍ਹਾਂ ਕਰਨ ਦਾ ਕਰਤੱਵ।

13. ਸਥਾਨਕ ਅਥਾਰਟੀ, ਲਿਖਤੀ ਨੋਟਿਸ ਦੁਆਰਾ, ਕਿਸੇ ਵੀ ਭੋਂ ਜਾਂ ਇਮਾਰਤ ਦੇ ਮਾਲਕ ਜਾਂ ਦਖ਼ੀਲਕਾਰ ਜਾਂ ਅੰਸ਼ਕ-ਮਾਲਕ ਜਾਂ ਮਾਲਕ ਜਾਂ ਅੰਸ਼ਕ-ਮਾਲਕ ਹੋਣ ਦਾ ਦਾਅਵਾ ਕਰਨ ਵਾਲੇ ਵਿਅਕਤੀ ਨੂੰ, ਜੋ ਗੈਰ-ਜੀਵ-ਵਿਘਟਨਯੋਗ ਗੰਦ-ਮੰਦ ਦੇ ਅਣਅਧਿਕਾਰਤ ਢੇਰ ਜਾਂ ਜਮ੍ਹਾਂ ਹੋਣ ਦੀ ਜਗ੍ਹਾ ਬਣ ਚੁੱਕੀ ਹੋਵੇ ਅਤੇ ਉਪੱਦਰ ਦਾ ਸਬੱਬ ਹੋਣਾ ਸੰਭਾਵੀ ਹੋਵੇ, ਇਸ ਤਰ੍ਹਾਂ ਢੇਰ ਲੱਗੇ ਜਾਂ ਇਕੱਠੇ ਹੋਏ ਕੂੜੇ ਦਾ ਹਟਾਉਣ ਜਾਂ ਹਟਵਾਉਣ ਲੋੜ ਸਕੇਗੀ, ਅਤੇ ਜੇ ਉਸ ਦੀ ਰਾਏ ਵਿੱਚ, ਗੈਰ-ਜੀਵ-ਵਿਘਟਨਯੋਗ ਗੰਦ-ਮੰਦ ਦਾ ਅਜਿਹੇ ਢੇਰ ਲੱਗਣ ਜਾਂ ਇਕੱਠਾ ਹੋਣ ਨਾਲ ਜਲ ਨਿਕਾਸ ਅਤੇ ਸੀਵਰੇਜ ਪ੍ਰਣਾਲੀ ਨੂੰ ਹਾਨ ਪਹੁੰਚਣਾ ਸੰਭਾਵੀ ਹੋਵੇ ਜਾਂ ਲੋਕ ਸਿਹਤ ਅਤੇ ਵਾਤਾਵਰਣ ਲਈ ਖਤਰਨਾਕ ਹੋਣਾ ਸੰਭਾਵੀ ਹੋਵੇ, ਤਾਂ ਉਹ ਅਜਿਹੇ ਵਿਅਕਤੀਆਂ ਦੇ ਖਰਚੇ ਤੇ ਤੁਰੰਤ ਅਜਿਹੇ ਕਦਮ ਚੁੱਕਣ ਦਾ ਹੁਕਮ ਪਾਸ ਕਰ ਸਕੇਗੀ, ਜਿਵੇਂ ਉਹ ਉਚਿਤ ਸਮਝੇ।

ਡੰਨ।

14. (1) ਜੋ ਕੋਈ ਵੀ-

(ਓ) ਧਾਰਾਵਾਂ 3, 4 ਜਾਂ 5 ਦੇ ਉਪਬੰਧਾਂ ਦੀ ਉਲੰਘਣਾ ਕਰਦਾ ਹੈ ਜਾਂ ਇਸ ਐਕਟ ਅਧੀਨ ਦਿੱਤੇ ਗਏ ਕਿਸੇ ਹੁਕਮ ਜਾਂ ਨਿਰਦੇਸ਼ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਉਹ ਅਉਧ ਲਈ ਜੋ ਘੱਟੋ-ਘੱਟ ਤਿੰਨ ਮਹੀਨੇ ਤੱਕ ਦੀ ਹੋਵੇਗੀ ਅਤੇ ਜੋ ਇੱਕ ਸਾਲ ਤੱਕ ਵਧਾਈ ਜਾ ਸਕੇਗੀ ਜਾਂ ਘੱਟੋ-ਘੱਟ ਪੱਚੀ ਹਜਾਰ ਰੁਪਏ ਦੇ ਜੁਰਮਾਨੇ ਨਾਲ ਜਾਂ ਦੋਵਾਂ ਨਾਲ ਕੈਦ ਦੀ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ; ਜਾਂ

(ਅ) ਧਾਰਾਵਾਂ 6 ਜਾਂ 7 ਜਾਂ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ, ਅਧਿਸੂਚਨਾ ਜਾਂ ਜਾਰੀ ਕੀਤੇ ਜਾਂ ਦਿੱਤੇ ਹੁਕਮ ਦੀ ਉਲੰਘਣਾ ਕਰਦਾ ਹੈ, ਤਾਂ ਉਹ ਅਉਧ ਲਈ, ਜੋ ਇੱਕ ਮਹੀਨੇ ਤੱਕ ਵਧਾਈ ਜਾ ਸਕੇਗੀ ਜਾਂ ਜੁਰਮਾਨੇ ਨਾਲ, ਜੋ ਇੱਕ ਹਜਾਰ

ਰੁਪਏ ਤੱਕ ਵਧਾਇਆ ਜਾ ਸਕੇਗਾ ਜਾਂ ਦੋਵਾਂ ਨਾਲ ਕੈਦ ਦੀ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

(2) ਜੋ ਕੋਈ ਇਸ ਐਕਟ ਅਧੀਨ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਜਾ ਚੁੱਕਾ ਹੋਵੇ, ਦੁਬਾਰਾ ਦੋਸ਼ੀ ਪਾਇਆ ਜਾਂਦਾ ਹੈ ਅਤੇ ਇਸ ਐਕਟ ਅਧੀਨ ਸਿੱਧ-ਦੋਸ਼ ਠਹਿਰਾਇਆ ਜਾਂਦਾ ਹੈ, ਤਾਂ ਉਹ ਅਪਰਾਧ ਲਈ ਉਪਬੰਧਤ ਡੰਨ ਤੋਂ ਦੁੱਗਣੇ ਡੰਨ ਨਾਲ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

(3) ਜੋ ਕੋਈ ਇਸ ਐਕਟ ਅਧੀਨ ਕਿਸੇ ਅਪਰਾਧ ਨੂੰ ਕੀਤੇ ਜਾਣ ਲਈ ਕਿਸੇ ਤਰੀਕੇ ਨਾਲ ਸਹਾਇਤਾ ਕਰਦਾ ਹੈ, ਸ਼ਹਿ ਦਿੰਦਾ ਹੈ ਜਾਂ ਸਹਾਇਕ ਹੁੰਦਾ ਹੈ, ਉਹ ਸਿੱਧ-ਦੋਸ਼ ਠਹਿਰਾਏ ਜਾਣ ਤੇ ਉਹੀ ਕੈਦ ਦੀ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ ਜੋ ਉਸ ਅਪਰਾਧ ਨੂੰ ਕਰਨ ਲਈ ਉਲਿਖਤ ਕੀਤੀ ਗਈ ਹੈ।

ਕੰਪਨੀਆਂ ਦੁਆਰਾ ਅਪਰਾਧ।

15. (1) ਜੇ ਇਸ ਐਕਟ ਅਧੀਨ ਸਜ਼ਾਯੋਗ ਅਪਰਾਧ ਕਰਨ ਵਾਲਾ ਵਿਅਕਤੀ, ਇੱਕ ਕੰਪਨੀ ਹੈ, ਉੱਥੇ ਹਰੇਕ ਵਿਅਕਤੀ, ਜੋ ਅਪਰਾਧ ਕੀਤੇ ਜਾਣ ਸਮੇਂ ਕੰਪਨੀ ਦੇ ਕਾਰੋਬਾਰ ਦੇ ਸੰਚਾਲਣ ਲਈ ਕੰਪਨੀ ਦਾ ਇੰਚਾਰਜ ਸੀ, ਅਤੇ ਉਸ ਪ੍ਰਤੀ ਉੱਤਰਦਾਈ ਸੀ, ਨਾਲੇ ਉਹ ਕੰਪਨੀ, ਉਸ ਅਪਰਾਧ ਦੇ ਦੋਸ਼ੀ ਸਮਝੇ ਜਾਣਗੇ ਅਤੇ ਉਸ ਅਨੁਸਾਰ ਉਨ੍ਹਾਂ ਵਿਰੁੱਧ ਕਾਰਵਾਈ ਕੀਤੇ ਜਾਣ ਅਤੇ ਸਜ਼ਾ ਦਿੱਤੇ ਜਾਣ ਦੇ ਭਾਗੀ ਹੋਣਗੇ:

ਪਰੰਤੂ ਇਸ ਉਪ-ਧਾਰਾ ਵਿੱਚ ਦਰਜ ਕੋਈ ਗੱਲ ਅਜਿਹੇ ਇਸ ਵਿਅਕਤੀ ਨੂੰ ਇਸ ਐਕਟ ਵਿੱਚ ਉਪਬੰਧਤ ਸਜ਼ਾ ਦਾ ਭਾਗੀ ਨਹੀਂ ਬਣਾਏਗੀ, ਜੇ ਉਹ ਸਾਬਤ ਕਰ ਦਿੰਦਾ ਹੈ ਕਿ ਅਪਰਾਧ ਉਸ ਦੀ ਜਾਣਕਾਰੀ ਤੋਂ ਬਿਨਾਂ ਕੀਤਾ ਗਿਆ ਸੀ ਜਾਂ ਉਸ ਨੇ ਅਪਰਾਧ ਦੇ ਕੀਤੇ ਜਾਣ ਨੂੰ ਰੋਕਣ ਲਈ ਪੂਰੀ ਯੋਗ ਤਨਦਿਹੀ ਦੀ ਵਰਤੋਂ ਕੀਤੀ ਸੀ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਅਧੀਨ ਜਿੱਥੇ ਕੋਈ ਅਪਰਾਧ ਕਿਸੇ ਕੰਪਨੀ ਦੁਆਰਾ ਕੀਤਾ ਗਿਆ ਹੈ ਅਤੇ ਇਹ ਸਾਬਤ ਹੋ ਜਾਂਦਾ ਹੈ ਕਿ ਉਹ ਅਪਰਾਧ ਕੰਪਨੀ ਦੇ ਕਿਸੇ ਡਾਇਰੈਕਟਰ, ਮੈਨੇਜਰ ਜਾਂ ਸਕੱਤਰ ਜਾਂ ਹੋਰ ਅਧਿਕਾਰੀ ਦੀ ਰਜ਼ਾਮੰਦੀ ਜਾਂ ਅਣਡਿੱਠਤਾ ਨਾਲ ਕੀਤਾ ਗਿਆ ਹੈ ਜਾਂ ਉਸ ਦੀ ਕਿਸੇ ਘੋਰ ਅਣਗਹਿਲੀ ਕਾਰਨ ਹੋਇਆ ਸਮਝਿਆ ਜਾ ਸਕਦਾ ਹੈ, ਤਾਂ ਅਜਿਹਾ ਡਾਇਰੈਕਟਰ, ਮੈਨੇਜਰ, ਸਕੱਤਰ ਅਤੇ ਹੋਰ ਅਧਿਕਾਰੀ ਵੀ ਉਸ ਅਪਰਾਧ ਦਾ ਦੋਸ਼ੀ ਸਮਝਿਆ ਜਾਵੇਗਾ ਅਤੇ ਉਸ ਅਨੁਸਾਰ ਉਸ ਵਿਰੁੱਧ ਕਾਰਵਾਈ ਕੀਤੇ ਜਾਣ ਅਤੇ ਸਜ਼ਾ ਦਿੱਤੇ ਜਾਣ ਦਾ ਭਾਗੀ ਹੋਵੇਗਾ।

ਵਿਆਖਿਆ.- ਇਸ ਧਾਰਾ ਦੇ ਪ੍ਰਯੋਜਨ ਲਈ-

(ੳ) "ਕੰਪਨੀ" ਦਾ ਮਤਲਬ ਹੈ ਕੋਈ ਨਿਗਮਤ ਬੌਡੀ ਅਤੇ ਇਸ ਵਿੱਚ ਕੋਈ ਫ਼ਰਮ ਜਾਂ ਵਿਅਕਤੀਆਂ ਦੀ ਹੋਰ ਸਭਾ ਸ਼ਾਮਲ ਹੈ; ਅਤੇ

(ਅ) ਕਿਸੇ ਫ਼ਰਮ ਦੇ ਸਬੰਧ ਵਿੱਚ "ਡਾਇਰੈਕਟਰ" ਦਾ ਮਤਲਬ ਹੈ ਫ਼ਰਮ ਵਿੱਚ ਕੋਈ ਭਾਈਵਾਲ।

ਸਰਸਰੀ ਵਿਚਾਰਣ ਕੀਤੇ ਜਾਣ ਵਾਲੇ ਅਪਰਾਧ।

16. ਇਸ ਐਕਟ ਅਧੀਨ ਸਾਰੇ ਅਪਰਾਧ ਪਹਿਲੇ ਦਰਜੇ ਦੇ ਨਿਆਂਇਕ ਮੈਜਿਸਟ੍ਰੇਟ ਦੁਆਰਾ ਸਰਸਰੀ ਤੌਰ ਤੇ ਵਿਚਾਰਣ ਕੀਤੇ ਜਾਣਗੇ ਅਤੇ ਫ਼ੌਜਦਾਰੀ ਜ਼ਾਬਤਾ ਸੰਘਤਾ, 1973 ਦੀਆਂ ਧਾਰਾਵਾਂ 262 ਤੋਂ 265 ਦੇ ਉਪਬੰਧ (ਦੋਵਾਂ ਸਮੇਤ), ਜਿੱਥੋਂ ਤੱਕ ਹੋ ਸਕੇ, ਅਜਿਹੇ ਵਿਚਾਰਣਾਂ ਤੇ ਲਾਗੂ ਹੋਣਗੇ।

ਅਪਰਾਧਾਂ ਦਾ ਰਾਜ਼ੀਨਾਮਾ ਕਰਨਾ।

17. (1) ਇਸ ਐਕਟ ਅਧੀਨ ਸਜ਼ਾਯੋਗ ਕੋਈ ਅਪਰਾਧ,–

(ੳ) ਨਿਰਮਾਤਾ ਦੇ ਮਾਮਲੇ ਵਿੱਚ, ਪ੍ਰਾਸੀਕਿਊਸ਼ਨ ਦਾਇਰ ਕਰਨ ਤੋਂ ਪਹਿਲਾਂ, ਸਬੰਧਤ ਸਥਾਨਕ ਅਥਾਰਟੀ ਦੇ ਖਾਤੇ ਵਿੱਚ ਪੰਜਾਹ ਹਜਾਰ ਰੁਪਏ ਤੋਂ ਨ ਘੱਟ ਦੀ ਰਕਮ ਜਮ੍ਹਾਂ ਕਰਵਾਉਣ ਤੇ ਰਾਜ਼ੀਨਾਮਾ ਕੀਤਾ ਜਾ ਸਕੇਗਾ:

ਪਰੰਤੂ ਕਿਸੇ ਉੱਤਰਵਰਤੀ ਅਪਰਾਧ ਲਈ ਰਾਜ਼ੀਨਾਮਾ ਰਕਮ ਇੱਕ ਲੱਖ ਰੁਪਏ ਤੋਂ ਘੱਟ ਨਹੀਂ ਹੋਵੇਗੀ;

(ਅ) ਕਿਸੇ ਵਰਤੋਂਕਾਰ ਦੇ ਮਾਮਲੇ ਵਿੱਚ, ਪ੍ਰਾਸੀਕਿਊਸ਼ਨ ਦਾਇਰ ਕਰਨ ਤੋਂ ਪਹਿਲਾਂ, ਸਬੰਧਤ ਸਥਾਨਕ ਅਥਾਰਟੀ ਦੇ ਖਾਤੇ ਵਿੱਚ ਦੋ ਹਜਾਰ ਤੋਂ ਨ ਘੱਟ ਦੀ ਰਕਮ ਜਮ੍ਹਾਂ ਕਰਵਾਉਣ ਤੇ ਰਾਜ਼ੀਨਾਮਾ ਕੀਤਾ ਜਾ ਸਕੇਗਾ:

ਪਰੰਤੂ ਕਿਸੇ ਉੱਤਰਵਰਤੀ ਅਪਰਾਧ ਲਈ ਰਾਜ਼ੀਨਾਮਾ ਰਕਮ ਚਾਰ ਹਜਾਰ ਰੁਪਏ ਤੋਂ ਘੱਟ ਨਹੀਂ ਹੋਵੇਗੀ।

(2) ਜਿੱਥੇ ਉਪ-ਧਾਰਾ (1) ਅਧੀਨ ਕਿਸੇ ਅਪਰਾਧ ਦਾ ਰਾਜ਼ੀਨਾਮਾ ਕੀਤਾ ਗਿਆ ਹੋਵੇ, ਇਸ ਤਰ੍ਹਾਂ ਰਾਜ਼ੀਨਾਮਾ ਕੀਤੇ ਅਪਰਾਧ ਦੇ ਬਾਰੇ ਵਿੱਚ ਉਸ ਅਪਰਾਧੀ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ, ਅਤੇ ਜੇਕਰ ਅਪਰਾਧੀ ਹਿਰਾਸਤ ਵਿੱਚ ਹੈ, ਤਾਂ ਉਸ ਨੂੰ ਤੁਰੰਤ ਮੁਕਤ ਕਰ ਦਿੱਤਾ ਜਾਵੇਗਾ।

ਅਪੀਲਾਂ।

18. ਧਾਰਾ 13 ਅਧੀਨ ਸਥਾਨਕ ਅਥਾਰਟੀ ਦੁਆਰਾ ਕੀਤੇ ਗਏ ਹੁਕਮ ਤੋਂ ਦੁਖਤ ਕੋਈ ਵਿਅਕਤੀ, ਉਸ ਤਰੀਕ ਤੋਂ ਜਿਸ ਦਿਨ ਉਸ ਨੂੰ ਹੁਕਮ ਸੰਸੂਚਿਤ ਕੀਤਾ ਗਿਆ ਹੋਵੇ, ਪੰਤਾਲੀ ਦਿਨਾਂ ਦੀ ਮੁੱਦਤ ਦੇ ਅੰਦਰ, ਅਜਿਹੀ ਅਥਾਰਟੀ ਨੂੰ ਅਪੀਲ ਕਰ ਸਕੇਗਾ, ਜੋ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਉਲਿਖਤ ਕਰੇ।

ਅਪੀਲੀ ਅਥਾਰਟੀ ਧਿਰਾਂ ਨੂੰ ਸੁਣਨ ਤੋਂ ਬਾਅਦ, ਜਾਂ ਤਾਂ ਅਪੀਲ ਸਵੀਕਾਰ ਕਰ ਸਕੇਗੀ ਜਾਂ ਅਪੀਲਕਰਤਾ ਦੁਆਰਾ ਦਿੱਤੀਆਂ ਗਈਆਂ ਦਲੀਲਾਂ ਤੋਂ ਸੰਤੁਸ਼ਟ ਨਾ ਹੋਣ ਦੀ ਸੂਰਤ ਵਿੱਚ, ਅਪੀਲ ਨੂੰ ਨਾ-ਮਨਜੂਰ ਕਰ ਸਕੇਗੀ।

ਸਥਾਨਕ ਅਥਾਰਟੀ ਨੂੰ ਨਿਰਦੇਸ਼ ਜਾਰੀ ਕਰਨ ਲਈ ਰਾਜ ਸਰਕਾਰ ਦੀਆਂ ਸ਼ਕਤੀਆਂ।

19. ਰਾਜ ਸਰਕਾਰ, ਸਮੇਂ ਸਮੇਂ ਤੇ, ਸਥਾਨਕ ਅਥਾਰਟੀ ਨੂੰ ਅਜਿਹੇ ਨਿਰਦੇਸ਼ ਜਾਰੀ ਕਰ ਸਕੇਗੀ, ਜਿਵੇਂ ਉਸ ਦੀ ਰਾਏ ਵਿੱਚ, ਇਸ ਐਕਟ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਹੋਣ ਅਤੇ ਸਥਾਨਕ ਅਥਾਰਟੀ ਇਸ ਤਰ੍ਹਾਂ ਜਾਰੀ ਕੀਤੇ ਗਏ ਨਿਰਦੇਸ਼ਾਂ ਦੀ ਪਾਲਣਾ ਕਰੇਗੀ।

ਅਨੁਸੂਚੀ ਨੂੰ ਸੋਧਣ ਦੀ ਸ਼ਕਤੀ।

20. ਜਿੱਥੇ ਹਾਲਾਤ ਅਨੁਸਾਰ ਇਸ ਤਰ੍ਹਾਂ ਕਰਨਾ ਉਚਿਤ ਹੋਵੇ, ਰਾਜ ਸਰਕਾਰ, ਲੋਕ ਵਿਸ਼ਲੇਸ਼ਕ ਨਾਲ ਮਸ਼ਵਰਾ ਕਰਕੇ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਨਾਲ ਲੱਗੀ ਅਨੁਸੂਚੀ ਵਿੱਚੋਂ ਕਿਸੇ ਮੱਦ ਨੂੰ ਜੋੜ ਜਾਂ ਲੋਪ ਕਰ ਸਕੇਗੀ ਅਤੇ ਇਸ ਪਿੱਛੋਂ, ਅਨੁਸੂਚੀ ਨੂੰ ਉਸ ਅਨੁਸਾਰ ਸੋਧਿਆ ਗਿਆ ਸਮਝਿਆ ਜਾਵੇਗਾ।

ਡੈਲੀਗੇਟ ਕਰਨ ਦੀ ਸ਼ਕਤੀ।

21. ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਧਾਰਾ 25 ਅਧੀਨ ਨਿਯਮ ਬਣਾਉਣ ਦੀ ਸ਼ਕਤੀ ਨੂੰ ਛੱਡ ਕੇ, ਇਸ ਐਕਟ ਅਧੀਨ ਆਪਣੇ ਦੁਆਰਾ ਵਰਤੋਂਯੋਗ ਕੋਈ ਵੀ ਸ਼ਕਤੀ ਅਜਿਹੇ ਅਧਿਕਾਰੀ ਜਾਂ ਅਥਾਰਟੀ ਨੂੰ ਡੈਲੀਗੇਟ ਕਰ ਸਕੇਗੀ, ਜਿਵੇਂ ਉਲਿਖਤ ਕੀਤਾ ਜਾਵੇ।

ਨੇਕ-ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਉ।

22. ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਨੇਕ ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਵੀ ਗੱਲ ਲਈ ਰਾਜ ਸਰਕਾਰ ਜਾਂ ਸਥਾਨਕ ਅਥਾਰਟੀ ਜਾਂ ਰਾਜ ਸਰਕਾਰ ਜਾਂ ਸਥਾਨਕ ਅਥਾਰਟੀ ਦੇ ਕਿਸੇ ਅਧਿਕਾਰੀ ਜਾਂ ਹੋਰ ਕਰਮਚਾਰੀ ਜਾਂ ਰਾਜ ਸਰਕਾਰ ਦੁਆਰਾ ਅਧਿਕਾਰਤ ਕਿਸੇ ਹੋਰ ਵਿਅਕਤੀ ਜਾਂ ਅਥਾਰਟੀ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਅਪਰਾਧਾਂ ਦਾ ਸਮਾਇਤ ਅਧਿਕਾਰ।

23. (1) ਕੋਈ ਅਦਾਲਤ ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਅਧੀਨ ਸਜ਼ਾ ਦਿੱਤੇ ਜਾਣ ਯੋਗ ਕਿਸੇ ਅਪਰਾਧ ਦਾ, ਸਿਵਾਏ ਰਾਜ ਸਰਕਾਰ ਦੁਆਰਾ ਇਸ ਨਮਿੱਤ ਅਖ਼ਤਿਆਰਤ ਕਿਸੇ ਸਥਾਨਕ ਅਥਾਰਟੀ ਜਾਂ ਕਿਸੇ ਅਧਿਕਾਰੀ ਦੁਆਰਾ ਕੀਤੀ ਸ਼ਿਕਾਇਤ ਦੇ, ਸਮਾਇਤ ਅਧਿਕਾਰ ਨਹੀਂ ਲਵੇਗੀ।

(2) ਪਹਿਲੇ ਦਰਜੇ ਦੇ ਨਿਆਂਇਕ ਮੈਜਿਸਟ੍ਰੇਟ ਤੋਂ ਅਦਨਾ ਕੋਈ ਅਦਾਲਤ ਇਸ ਐਕਟ ਅਧੀਨ ਸਜ਼ਾ ਦਿੱਤੇ ਜਾਣ ਯੋਗ ਕਿਸੇ ਅਪਰਾਧ ਦਾ ਵਿਚਾਰਣ ਨਹੀਂ ਕਰੇਗੀ।

ਹੋਰ ਕਾਨੂੰਨਾਂ ਦਾ ਪ੍ਰਭਾਵਤ ਨ ਹੋਣਾ।

24. ਇਸ ਐਕਟ ਦੇ ਉਪਬੰਧ ਤੱਤ ਸਮੇਂ ਨਾਫ਼ਜ਼ ਵਿਸ਼ੇ ਤੇ ਕਿਸੇ ਹੋਰ ਕਾਨੂੰਨ ਦੇ ਉਪਬੰਧਾਂ ਤੋਂ ਇਲਾਵਾ, ਨ ਕਿ ਉਨ੍ਹਾਂ ਦਾ ਅਲਪਣ ਕਰਨ ਵਾਲੇ ਹੋਣਗੇ।

ਨਿਯਮ ਬਣਾਉਣ ਦੀ ਸ਼ਕਤੀ।

25. (1) ਰਾਜ ਸਰਕਾਰ, ਪੂਰਵ ਪ੍ਰਕਾਸ਼ਨ ਦੀ ਸ਼ਰਤ ਦੇ ਤਾਬੇ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀਆਂ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖੇ ਸਾਰੇ ਜਾਂ ਕਿਸੇ ਮਾਮਲੇ ਲਈ ਉਪਬੰਧ ਕਰ ਸਕਣਗੇ, ਅਰਥਾਤ:-

(ੳ) ਧਾਰਾ 8 ਦੀ ਉਪ-ਧਾਰਾ (1) ਅਧੀਨ ਕਿਸੇ ਵਿਅਕਤੀ ਨੂੰ ਲੋਕ ਵਿਸ਼ਲੇਸ਼ਕ ਵਜੋਂ ਨਿਯੁਕਤ ਕਰਨ ਜਾਂ ਮਾਨਤਾ ਦੇਣ ਲਈ ਕਾਬਲੀਅਤਾਂ ਮੁਕੱਰਰ ਕਰਨ ਲਈ;

(ਅ) ਧਾਰਾ 9 ਦੇ ਖੰਡ (ਗ) ਅਧੀਨ ਸਥਾਨਕ ਅਥਾਰਟੀ ਦੁਆਰਾ ਨਿਭਾਏ ਜਾਣ ਵਾਲੇ ਕਾਜਕਾਰਾਂ ਨੂੰ ਮੁਕੱਰਰ ਕਰਨ ਲਈ;

(ਏ) ਧਾਰਾ 10 ਦੀ ਉਪ-ਧਾਰਾ (2) ਅਧੀਨ ਪਾਲਣ ਕੀਤੇ ਜਾਣ ਵਾਲੇ ਜ਼ਾਬਤੇ ਅਤੇ ਬਚਾਓ ਨੂੰ ਮੁਕੱਰਰ ਕਰਨ ਲਈ; ਅਤੇ

(ਸ) ਕੋਈ ਹੋਰ ਮਾਮਲਾ, ਜੋ ਇਸ ਐਕਟ ਦੁਆਰਾ ਜਾਂ ਅਧੀਨ ਮੁਕੱਰਰ ਕੀਤਾ ਜਾਣਾ ਲੋੜਿਆ ਜਾਂਦਾ ਹੈ।

(2) ਇਸ ਐਕਟ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਲੋਪ ਕੀਤੀ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਨਿਰਸਨ ਅਤੇ ਬਚਾਉ।

26. (1) ਪੰਜਾਬ ਪਲਾਸਟਿਕ ਲਿਫ਼ਾਫ਼ੇ (ਨਿਰਮਾਣ, ਵਰਤੋਂ ਅਤੇ ਨਿਪਟਾਰਾ) ਕੰਟਰੋਲ ਆਰਡੀਨੈਂਸ, 2005 (2005 ਦਾ ਪੰਜਾਬ ਅਰਡੀਨੈਂਸ ਨੰ: 11) ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਵੀ ਗੱਲ ਜਾਂ ਕੀਤੀ ਗਈ ਕੋਈ ਵੀ ਕਾਰਵਾਈ, ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਅਧੀਨ ਕੀਤੀ ਜਾਂ ਕੀਤੀ ਗਈ ਸਮਝੀ ਜਾਵੇਗੀ।

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

ਡਿਸਕਲੇਮਰ:- ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

3773/7-2026/Pb. Govt. Press, S.A.S. Nagar